ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 15/01 ਜਨਵਰੀ 2015 – ਨਾਨਕਸ਼ਾਹੀ ਪੋਹ-ਮਾਘ ੫੪੭

## ਇਤਿਹਾਸਿਕ ਦਿਹਾੜੇ

### ਦਸੰਬਰ ਅਤੇ ਜਨਵਰੀ 2014

| | |
|---|---|
| ਚਾਬੀਆ ਦਾ ਮੋਰਚਾ | 19 ਜਨਵਰੀ |
| ਜਨਮ ਬਾਬਾ ਦੀਪ ਸਿੰਘ ਜੀ | 26 ਜਨਵਰੀ |
| ਪ੍ਰਕਾਸ਼ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ | 31 ਜਨਵਰੀ |
| ਜਨਮ ਦਿਹਾੜਾ ਭਗਤ ਰਵਿਦਾਸ ਜੀ | 3 ਫਰਵਰੀ |
| ਵੱਡਾ ਘੱਲੂਘਾਰਾ (ਕੁੱਪ- ਰੋਹੀੜਾ) | 8 ਫਰਵਰੀ |
| ਜਨਮ ਸਾਹਿਬਜ਼ਾਦਾ ਅਜੀਤ ਸਿੰਘ ਜੀ | 11 ਫਰਵਰੀ |
| ਸਾਕਾ ਨਨਕਾਣਾ ਸਾਹਿਬ | 21 ਫਰਵਰੀ |
| ਜੈਤੋ ਦਾ ਮੋਰਚਾ | 21 ਫਰਵਰੀ |

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)
ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

ੴ ਵਾਹਿਗੁਰੂ ਜੀ ਕੀ ਫਤਿਹ

**ਵਧਾਈਆਂ ਵਧਾਈਆਂ ਵਧਾਈਆਂ**

# ਨਵਾਂ ਸਾਲ 2015

ਗੁਰਬਾਣੀ ਜੀਵਨ-ਜਾਚ ਹੈ । ਗੁਰਬਾਣੀ ਨੂੰ ਜੀਵਨ ਦਾ ਆਧਾਰ ਬਣਾਉਣ ਨਾਲ ਮਨੁਖ ਨੂੰ ਆਤਮਿਕ ਸ਼ਾਂਤੀ, ਸੁਖ ਅਨੰਦ ਦੀ ਪ੍ਰਾਪਤੀ ਦੇ ਨਾਲ ਪ੍ਰਭੂ ਪ੍ਰਮਾਤਮਾ ਦਾ ਸੰਗ ਨਸੀਬ ਹੋਂਦਾ ਹੈ ਇਸ ਨਵੇ ਸਾਲ ਵਿਚ ਆਓ, ਗੁਰੂ ਦੇ ਦਸੇ ਮਾਰਗ ਤੇ ਚਲਣ ਦਾ ਯਤਨ ਕਰੀਏ ਤਾਂ ਜੋ ਜੀਵਨ ਦਾ ਹਰ ਪਲ ਚੜਦੀ ਕਲਾ ਵਾਲਾ ਤੇ ਗੁਰੂ ਦੇ ਰੰਗ ਵਿਚ ਰਤਿਆਂ ਬਤੀਤ ਹੋਵੇ ।

ਇਸ ਜੀਵਨ ਸੇਧ ਦੀ ਪ੍ਰਾਪਤ ਲਈ ਗੁਰੂ ਅਰਜਨ ਪਾਤਸ਼ਾਹ ਦੁਆਰਾ ਮਾਝ ਰਾਗ ਵਿੱਚ ਉਚਾਰਨ ਕੀਤਾ 107 ਅੰਕ ਤੇ ਸ਼ਬਦ ਆਪ ਜੀ ਦੇ ਸਨਮੁਖ ਹੈ

ਮਾਝ ਮਹਲਾ ੫ ॥

ਰੈਣਿ ਸੁਹਾਵੜੀ ਦਿਨਸੁ ਸੁਹੇਲਾ ॥ ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ ॥
ਘੜੀ ਮੂਰਤ ਸਿਮਰਤ ਪਲ ਵੰਞਹਿ ਜੀਵਣੁ ਸਫਲੁ ਤਿਥਾਈ ਜੀਉ ॥੧॥
ਸਿਮਰਤ ਨਾਮੁ ਦੋਖ ਸਭਿ ਲਾਥੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥
ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥੨॥
ਪ੍ਰਭੁ ਸਮਰਥੁ ਵਡ ਊਚ ਅਪਾਰਾ ॥ ਨਉ ਨਿਧਿ ਨਾਮੁ ਭਰੇ ਭੰਡਾਰਾ ॥
ਆਦਿ ਅੰਤਿ ਮਧਿ ਪ੍ਰਭੁ ਸੋਈ ਦੂਜਾ ਲਵੈ ਨ ਲਾਈ ਜੀਉ ॥੩॥
ਕਰਿ ਕਿਰਪਾ ਮੇਰੇ ਦੀਨ ਦਇਆਲਾ ॥ ਜਾਚਿਕੁ ਜਾਚੈ ਸਾਧ ਰਵਾਲਾ ॥
ਦੇਹਿ ਦਾਨੁ ਨਾਨਕੁ ਜਨੁ ਮਾਗੈ ਸਦਾ ਸਦਾ ਹਰਿ ਧਿਆਈ ਜੀਉ॥੪॥੩੮॥੪੫॥ ਅੰਗ ੧੦੭

**ਅਰਥ** :- (ਜੇ) ਸੰਤਾਂ ਦੀ ਸੰਗਤਿ ਵਿਚ ਮੇਲ (ਹੋ ਜਾਏ ਤਾਂ ਉਥੇ) ਆਤਮਕ ਮੌਤ ਤੋਂ ਬਚਾਣ ਵਾਲਾ ਹਰਿ-ਨਾਮ ਜਪ ਕੇ ਰਾਤ ਸੁਹਾਵਣੀ ਬੀਤਦੀ ਹੈ, ਦਿਨ ਭੀ ਸੌਖਾ ਗੁਜ਼ਰਦਾ ਹੈ । ਜਿਥੇ ਉਮਰ ਦੀਆਂ ਘੜੀਆਂ ਦੋ ਘੜੀਆਂ ਪਲ ਪਰਮਾਤਮਾ ਦਾ ਨਾਮ ਸਿਮਰਦਿਆਂ ਬੀਤਣ ਉਥੇ ਹੀ ਜੀਵਨ (ਦਾ ਸਮਾਂ) ਸਫਲ ਹੁੰਦਾ ਹੈ ।੧।

ਪਰਮਾਤਮਾ ਦਾ ਨਾਮ ਸਿਮਰਦਿਆਂ ਸਾਰੇ ਪਾਪ ਲਹਿ ਜਾਂਦੇ ਹਨ, ਜੀਵ ਦੇ ਹਿਰਦੇ ਵਿਚ ਤੇ ਬਾਹਰ ਜਗਤ ਵਿਚ ਪਰਮਾਤਮਾ (ਹਰ ਵੇਲੇ) ਨਾਲ (ਵੱਸਦਾ ਪ੍ਰਤੀਤ) ਹੁੰਦਾ ਹੈ ।

ਪਰਮਾਤਮਾ ਦਾ ਡਰ ਅਦਬ ਹਿਰਦੇ ਵਿਚ ਰੱਖਣ ਦੇ ਕਾਰਨ ਪੂਰੇ ਗੁਰੂ ਨੇ ਮੇਰਾ ਦੁਨੀਆ ਵਾਲਾ ਡਰ ਮੁਕਾ ਦਿੱਤਾ ਹੈ, ਹੁਣ ਮੈਂ ਪਰਮਾਤਮਾ ਨੂੰ ਸਭ ਥਾਵਾਂ ਵਿਚ ਵੇਖਦਾ ਹਾਂ ।੨।

ਪ੍ਰਭੂ ਸਭ ਤਾਕਤਾਂ ਵਾਲਾ ਹੈ, ਸਭ ਤੋਂ ਵੱਡਾ ਉੱਚਾ ਹੈ ਤੇ ਬੇਅੰਤ ਹੈ, ਉਸ ਦਾ ਨਾਮ (ਮਾਨੋ, ਜਗਤ ਦੇ) ਨੌ ਹੀ ਖ਼ਜ਼ਾਨੇ ਹੈ, (ਨਾਮ ਧਨ ਨਾਲ ਉਸ ਪ੍ਰਭੂ ਦੇ) ਖ਼ਜ਼ਾਨੇ ਭਰੇ ਪਏ ਹਨ । (ਸੰਸਾਰ ਰਚਨਾ ਦੇ) ਸ਼ੁਰੂ ਵਿਚ ਪ੍ਰਭੂ ਆਪ ਹੀ ਆਪ ਸੀ (ਦੁਨੀਆ ਦੇ) ਅੰਤ ਵਿਚ ਪ੍ਰਭੂ ਆਪ ਹੀ ਆਪ ਹੋਵੇਗਾ (ਹੁਣ ਸੰਸਾਰ ਰਚਨਾ ਦੇ) ਮੱਧ ਵਿਚ ਪ੍ਰਭੂ ਆਪ ਹੀ ਆਪ ਹੈ । ਮੈਂ ਕਿਸੇ ਹੋਰ ਨੂੰ ਬਰਾਬਰ ਦਾ ਨਹੀਂ ਸਮਝ ਸਕਦਾ ।੩। ਹੇ ਦੀਨਾਂ ਉਤੇ ਦਇਆ ਕਰਨ ਵਾਲੇ ਮੇਰੇ ਪ੍ਰਭੂ ! (ਮੇਰੇ ਉਤੇ) ਕਿਰਪਾ ਕਰ । (ਤੇਰਾ ਇਹ) ਸੇਵਕ (ਤੇਰੇ ਪਾਸੋਂ) ਗੁਰੂ ਦੇ ਚਰਨਾਂ ਦੀ ਧੂੜ ਮੰਗਦਾ ਹੈ । (ਤੇਰਾ) ਦਾਸ ਨਾਨਕ (ਤੈਥੋਂ) ਮੰਗਦਾ ਹੈ (ਇਹ) ਦਾਨ ਦੇਹਿ ਕਿ ਮੈਂ, ਹੇ ਹਰੀ ! ਸਦਾ ਹੀ ਸਦਾ (ਤੈਨੂੰ) ਸਿਮਰਦਾ ਰਹਾਂ ।੪।੩੮।੪੫।

ਗੁਰੂ ਸੰਗਤ ਦਾ ਦਾਸਰਾ
(ਨਰਿੰਦਰ ਬੀਰ ਸਿੰਘ)

# ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ

ਮਨੁੱਖ ਦੀ ਮੂਲਕ ਲੋੜ ਸੁਖ ਹੈ । ਇਸ ਸੁਖ ਦੀ ਪ੍ਰਾਪਤੀ ਲਈ ਮਨੁੱਖ ਬਹੁਤ ਦੌੜ ਲਾਉਂਦਾ ਹੈ । ਇਸ ਦੌੜ ਦਾ ਸਦਕਾ ਉਹ ਵੱਧ ਧਨ ਇਕੱਠਾ ਕਰਨ ਦਾ ਯਤਨ ਕਰਦਾ ਹੈ ਅਤੇ ਫਿਰ ਉਸ ਪ੍ਰਾਪਤ ਕੀਤੇ ਧਨ ਨਾਲ ਵਿਗਿਆਨਿਕ ਉਨਤੀ ਨਾਲ ਤਿਆਰ ਕੀਤੇ ਸੁਖਾਂ ਦੇ ਸਾਧਨਾਂ ਦੀ ਪ੍ਰਾਪਤੀ ਕਰਦਾ ਹੈ । ਪਰ ਵੇਖਿਆ ਗਿਆ ਹੈ ਕਿ ਮਨੁੱਖ ਕੋਲ ਜਿਤਨੇ ਭੀ ਸਾਧਨ ਹਨ ਉਹ ਉਸਨੂੰ ਆਤਮਿਕ ਅਤੇ ਸਦੀਵੀ ਸੁਖ ਪ੍ਰਦਾਨ ਕਰਨ ਵਿਚ ਅਸਮਰਥ ਹਨ । ਮਨੁੱਖ ਉਸੇ ਤਰ੍ਹਾਂ ਦੁਖੀ ਦਾ ਦੁਖੀ ਹੀ ਰਹਿੰਦਾ ਹੈ ।

ਅਜੋਕੇ ਯੁਗ ਵਿਚ ਤਾਂ ਮਨੁੱਖ ਨੂੰ ਅਪਣੇ ਦੁਖ ਨੂੰ ਭੁਲਾਉਣ ਲਈ ਇਕ ਨਾਮੁਰਾਦ ਇਲਤ ਲਗ ਗਈ ਹੈ ਨਸ਼ਿਆਂ ਦੀ ਅਤੇ ਉਸੇ ਵਿਚ ਗਲਤਾਨ ਹੋਇਆ ਮਨੁਖ ਅਪਣੇ ਜੀਵਨ ਨੂੰ ਬਰਬਾਦ ਕਰੀ ਜਾਂਦਾ ਹੈ। ਦੁਖ ਤਾਂ ਦੁਖ ਹੀ ਬਣਿਆ ਰਹਿੰਦਾ ਹੈ ।

ਇਨਸਾਨ ਇਸ ਗਲ ਨੂੰ ਬਿਲਕੁਲ ਹੀ ਭੁਲਾ ਬੈਠਾ ਹੈ ਕਿ ਸੁਖਾਂ ਦੇ ਸਾਧਨ ਕੇਵਲ ਸੁਖਾਂ ਦਾ ਪਰਛਾਵਾਂ ਹਨ ਅਤੇ ਅਸਲੀ ਸੁਖ ਤਾਂ ਗੁਰੂ ਦੁਆਰਾ ਦਸੇ ਜੀਵਨ ਨੂੰ ਜੀਉਣ ਨਾਲ ਹੀ ਮਿਲ ਸਕਦਾ ਹੈ । ਇਸ ਸਦੀਵੀ ਸੁਖ ਦੀ ਪ੍ਰਾਪਤੀ ਦਾ ਸਾਧਨ ਗੁਰੂ ਨਾਨਕ ਪਾਤਸ਼ਾਹ ਨੇ ਦਸ ਜਾਮੇ ਧਾਰ ਕੇ, ਅਤੇ ੨੩੯ ਸਾਲਾਂ ਦੇ ਲੰਮੇ ਅਰਸੇ ਵਿਚ ਜੀਵਨ-ਜਾਚ ਮਨੁਖਤਾਂ ਦੀ ਝੋਲੀ ਵਿਚ ਪਾਈ ਜੋ ਅਜ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਾਡੇ ਕੋਲ ਹੈ ।

## ਜੀਵਨ-ਜਾਚ :

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਅਧਿਆਤਮਕ ਵਿਚਾਰਾਂ ਦੇ ਖ਼ਜ਼ਾਨੇ ਦੇ ਨਾਲ ਨਾਲ ਜੀਵਨ ਦੇ ਮਿਆਰ ਨੂੰ ਹਰ ਪਖੋਂ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਉੱਚਾ ਚੁਕਣ ਦੀ ਜੀਵਨ ਜਾਚ ਦਰਸਾਂਦੀ ਹੈ । ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪਾਠ ਕਰ ਕੇ ਪਾਠਕ ਇਹ ਗੱਲ ਸਹਿਜੇ ਹੀ ਜਾਣ ਲੈਂਦਾ ਹੈ ਕਿ ਉਸ ਨੇ ਜੀਵਨ ਨੂੰ ਕਿਵੇਂ ਸਫ਼ਲ ਬਣਾਉਣਾ ਹੈ । ਆਓ, ਗੁਰੂ ਗ੍ਰੰਥ ਸਾਹਿਬ ਤੋਂ ਜੀਵਨ-ਜਾਚ ਪੁਛੀਏ :

- ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ ਅੰਗ ੬੨
- ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਅੰਗ ੪੬੮
- ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਲ ਸੰਤਸੰਗਿ ਹੇਤ ॥
  ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥
  ਗੁਰ ਪ੍ਰਸਾਦਿ ਬਿਖਿਆ ਪਰਹਰੈ ॥ ਮਨ ਕੀ ਬਾਸਨਾ ਮਨ ਤੇ ਟਰੈ ॥
  ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥
  ਅੰਗ ੨੭੪
- ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ ਅੰਗ ੪੭੦
- ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥ ਅੰਗ ੧੩੮੧
- ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
  ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ਅੰਗ ੬੮੭
- ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥ (ਦਸਮ ਗ੍ਰੰਥ ਸਾਹਿਬ)
- ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
- ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥ (ਦਸਮ ਗ੍ਰੰਥ ਸਾਹਿਬ)

## ਧਰਮ ਦੀ ਕਿਰਤ

* ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ ਅੰਗ ੧੨੪੫

## ਨਸ਼ਿਆ ਦੀ ਮਨਾਹੀ :

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥
ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥
ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥੧॥ ਅੰਗ ੫੫੪

# ਬਾਬਾ ਦੀਪ ਸਿੰਘ ਜੀ ਸ਼ਹੀਦ

**ਸ੍ਰ. ਸ਼ਮਸ਼ੇਰ ਸਿੰਘ 'ਅਸ਼ੋਕ'**

ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿਚੋਂ ਸ਼ਹੀਦਾਂ ਦੀ ਮਿਸਲ ਬੜੀ ਮਸ਼ਹੂਰ ਸੀ। ਇਹ ਮਿਸਲ ਬਾਬਾ ਦੀਪ ਸਿੰਘ ਜੀ (ਸ਼ਹੀਦ) ਦੀ ਅਗਵਾਈ ਹੇਠ ਉਨ੍ਹਾਂ ਦੇ ਨਾਂ ਤੇ ਕਾਇਮ ਹੋਈ ਸੀ। ਬਾਬਾ ਦੀਪ ਸਿੰਘ ਜੀ ਸਿੱਖਾਂ ਵਿੱਚ ਬਹੁਤੇ ਇਸ ਕਰਕੇ ਸਤਿਕਾਰੇ ਜਾਂਦੇ ਸਨ ਕਿ ਇਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਸਮਾਂ ਆਪਣੀ ਅੱਖੀਂ ਵੇਖਿਆ ਅਤੇ ਉਨ੍ਹਾਂ ਦੇ ਪਵਿੱਤਰ ਕਰ ਕਮਲਾਂ ਤੋਂ ਬੜੇ ਮਾਣ-ਸਤਿਕਾਰ ਨਾਲ ਅੰਮ੍ਰਿਤਪਾਨ ਕੀਤਾ ਸੀ। ਇਸ ਦੇ ਨਾਲ ਹੀ ਦੂਜੀ ਸਿਫ਼ਤ ਇਹ ਵੀ ਸੀ ਕਿ ਆਪ ਆਪਣੇ ਸਮੇਂ ਦੇ ਅਦੁੱਤੀ ਯੋਧੇ, ਵਿਦਿਆ, ਬੁੱਧੀ ਤੇ ਦੁਨਿਆਵੀ ਤਜਰਬੇ ਵਿਚ ਸਭ ਤੋਂ ਵੱਡੇ ਸਨ। ਇਸੇ ਕਾਰਨ ਬਾਰਾਂ ਮਿਸਲਾਂ ਦੇ ਸਾਰੇ ਸਰਦਾਰ ਇਨ੍ਹਾਂ ਦੀ ਸਲਾਹ ਲੈ ਕੇ ਸਾਰੇ ਕੰਮ ਕਰਦੇ ਤੇ ਦੇਸ਼ ਦੀ ਆਜ਼ਾਦੀ ਦੀਆਂ ਮੁਹਿੰਮਾਂ ਉਤੇ ਚੜ੍ਹ ਕੇ ਲੱਗਭੱਗ ਹਰ ਥਾਵੇਂ ਕਾਮਯਾਬ ਹੁੰਦੇ ਸਨ।

ਬਾਬਾ ਦੀਪ ਸਿੰਘ ਜੀ ਦਾ ਜਨਮ ਪਿੰਡ ਪਹੁ ਵਿੰਡ, ਅੰਮ੍ਰਿਤਸਰ (ਪੰਜਾਬ) ਵਿਖੇ ਸੰਨ ੧੬੮੨ ਈ. ਵਿਚ ਭਾਈ ਭਗਤੇ ਦੇ ਘਰ ਮਾਤਾ ਜੀਉਣੀ ਦੀ ਕੁੱਖੋਂ ਹੋਇਆ। ਬਚਪਨ ਵਿਚ ਇਹ ਗੁਰਸਿੱਖਾਂ ਦੀ ਸੰਗਤ ਵਿਚ ਰਹਿ ਕੇ ਪਹਿਲਾਂ ਆਪਣੇ ਪਿੰਡ ਹੀ ਗੁਰਮੁਖੀ ਪੜ੍ਹਦੇ ਅਤੇ ਗੁਰਬਾਣੀ ਦਾ ਪਾਠ ਕਰਦੇ ਰਹੇ। ਫੇਰ ਚੜ੍ਹਦੀ ਉਮਰੇ ਆਪਣੇ ਮਾਤਾ-ਪਿਤਾ ਦੇ ਨਾਲ ਸ੍ਰੀ ਅਨੰਦਪੁਰ ਪਹੁੰਚ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਗੁਰੂ ਸਾਹਿਬ ਨਾਲ ਆਪਦਾ ਅਜਿਹਾ ਪਿਆਰ ਬਣਿਆ ਕਿ ਆਪ ਅਨੰਦਪੁਰ ਸਾਹਿਬ ਹੀ ਰਹਿ ਪਏ ਤੇ ਮੁੜ ਵਾਪਸ ਪਿੰਡ ਨਾ ਗਏ। ਪਿੱਛੋਂ ਸੰਨ ੧੬੯੯ ਈ. ਵਿਚ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਤੇ ਸਿੰਘਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਤਾਂ ਆਪ ਨੇ ਵੀ ਬੜੀ ਸ਼ਰਧਾ ਭਾਵ ਨਾਲ ਗੁਰੂ ਸਾਹਿਬ ਦੇ ਹੱਥੋਂ ਅੰਮ੍ਰਿਤ ਛਕਿਆ। ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਗੁਰੂ ਚਰਨਾਂ ਵਿਚ ਰਹਿ ਕੇ ਵਿਦਿਆ ਅਧਿਐਨ ਦੇ ਨਾਲ ਹੀ ਸ਼ਸਤ੍ਰ-ਚਲਾਉਣ ਦੀ ਸਿਖਿਆ ਵੀ ਗੁਰੂ-ਖਾਲਸੇ ਦੇ ਸਹਿਯੋਗ ਨਾਲ ਪ੍ਰਾਪਤ ਕਰਦੇ ਰਹੇ ਅਤੇ ਹਮੇਸ਼ਾਂ ਸ੍ਰੀ ਦਸਮੇਸ਼ ਜੀ ਦੇ ਨਾਲ ਲਗਭਗ ਸਾਰੇ ਹੀ ਧਰਮ-ਯੁੱਧਾਂ ਵਿਚ ਹਿੱਸਾ ਲੈਕੇ ਬੜੀ ਦਲੇਰੀ ਨਾਲ ਆਪਣੀ ਬਹਾਦਰੀ ਦੇ ਜੌਹਰ ਵਿਖਾਉਂਦੇ ਰਹੇ।

ਸੰਨ ੧੭੦੪ ਈ. ਵਿਚ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਉਸ ਤੋਂ ਕੁੱਝ ਚਿਰ ਪਹਿਲਾਂ ਕਿਸੇ ਕਾਰਣ ਆਪ ਪਿੰਡ ਪਹੂ ਵਿੰਡ ਚਲੇ ਗਏ ਸਨ, ਪਰ ਪਿੱਛੋਂ ਅਨੰਦਪੁਰ ਤੇ

ਚਮਕੌਰ ਦੀਆਂ ਜੰਗੀ ਘਟਨਾਵਾਂ ਦਾ ਪਤਾ ਲੱਗਣ ਤੇ ਆਪ ਕੁੱਝ ਮਝੈਲ ਸਿੰਘਾਂ ਦੇ ਨਾਲ ਸ੍ਰੀ ਦਮਦਮਾ ਸਾਹਿਬ ਦੇ ਸਥਾਨ ਤੇ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ ਤੇ ਉਥੇ ਹੀ ਰਹਿ ਕੇ ਵਿਦਿਆ ਦੀ ਟਕਸਾਲ ਗੁਰੂ ਕਾਸ਼ੀ ਦਾ ਕੰਮ ਚਲਾਉਣ ਨਮਿਤ ਗੁਰੂ ਸਾਹਿਬ ਦੇ ਆਦੇਸ਼ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਉਤਾਰਾ ਕਰਦੇ । ਇਸ ਤੋਂ ਪਿੱਛੋਂ ਸੰਨ ੧੭੦੮ ਈਸਵੀ ਵਿਚ ਗੁਰੂ ਸਾਹਿਬ ਦੇ ਹੁਕਮ ਨਾਲ ਬਾਬਾ ਬੰਦਾ ਸਿੰਘ ਬਹਾਦਰ ਨੇ ਦੱਖਣੋਂ ਪੰਜਾਬ ਵਿਚ ਆ ਕੇ ਸਮਾਨਾ, ਸਢੌਰਾ, ਸਹਾਰਨਪੁਰ ਆਦਿ ਇਲਾਕੇ ਫਤਹਿ ਕੀਤੇ ਤੇ ਬਹੁਤ ਸਾਰੇ ਦੁਸਟ-ਦੋਖੀਆਂ ਨੂੰ ਸੋਧਿਆ ਤਾਂ ਬਾਬਾ ਦੀਪ ਸਿੰਘ ਜੀ ਵੀ ਆਪਣੇ ਇਲਾਕੇ ਦੇ ਸਿੰਘਾਂ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਦੇ ਲਸ਼ਕਰ ਨਾਲ ਸ਼ਾਮਿਲ ਹੋ ਕੇ ਸੰਨ ੧੭੧੫ ਈਸਵੀ ਤੱਕ ਲੱਗਭੱਗ ਸੱਤ ਸਾਲ ਸਾਰੇ ਧਰਮ ਯੁੱਧਾਂ ਵਿਚ ਹਿੱਸਾ ਲੈਂਦੇ ਰਹੇ । ਬਾਅਦ ਵਿੱਚ ਗੁਰੂ ਕੀ ਕਾਸ਼ੀ ਦਮਦਮਾ ਸਾਹਿਬ ਚਲੇ ਗਏ ਤੇ ਉਥੇ ਹੀ ਰਹਿਣ ਲੱਗ ਪਏ ।

ਫੇਰ ਬਾਬਾ ਦੀਪ ਸਿੰਘ ਜੀ ਗੁਰੂ ਸਾਹਿਬ ਦੇ ਪਹਿਲਾਂ ਦਿੱਤੇ ਹੋਏ ਹੁਕਮ ਨੂੰ ਚਿਤਾਰ ਕੇ ਲਗਭਗ ੧੦ ਸਾਲ ਸੰਨ ੧੭੧੬ ਈਸਵੀ ਤੋਂ ਸੰਨ ੧੭੨੬ ਈਸਵੀ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਉਤਾਰੇ ਕਰਨ ਤੇ ਗੁਰਮਤਿ ਭਿੰਨੀ ਵਿਦਿਆ ਦੇ ਪ੍ਰਚਾਰ ਹਿਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਨਿਵਾਸ ਰੱਖਦੇ ਰਹੇ । ਇਸ ਸਮੇਂ ਦੌਰਾਨ ਆਪ ਨੇ ਬੜੇ ਅਮਨ-ਅਮਾਨ ਨਾਲ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਬੀੜਾਂ ਤਿਆਰ ਕੀਤੀਆਂ, ਜੋ ਬੜੇ ਸਤਿਕਾਰ ਨਾਲ ਗੁਰੂ ਖਾਲਸੇ ਦੇ ਤਖ਼ਤਾਂ - ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ), ਸ੍ਰੀ ਅਕਾਲ ਤਖਤ ਸਾਹਿਬ (ਅੰਮ੍ਰਿਤਸਰ), ਤਖਤ ਸ੍ਰੀ ਹਰਿਮੰਦਰ ਸਾਹਿਬ (ਪਟਨਾ) ਅਤੇ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਭੇਜੀਆਂ ਗਈਆਂ ।

ਇਸ ਤੋਂ ਬਾਅਦ ਸੰਨ ੧੭੨੭ ਈਸਵੀ ਤੋਂ ੧੭੫੯ ਈਸਵੀ ਤੱਕ ਲੱਗਭੱਗ ੩੨ ਸਾਲ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਨਿਭਾਉਂਦਿਆਂ, ਇਰਦ-ਗਿਰਦ ਦੇ ਪਿੰਡਾਂ ਵਿਚ ਗੁਰਮਤਿ ਦਾ ਪ੍ਰਚਾਰ ਕਰਦਿਆਂ ਅਤੇ ਗੁਰੂ ਕੀ ਕਾਸ਼ੀ ਦੇ ਸਥਾਨ ਤੇ ਵਿਦਿਆ ਪੜ੍ਹਾਉਂਦਿਆਂ ਗੁਜ਼ਾਰੇ । ਸੰਨ ੧੭੧੬ ਈ. ਤੋਂ ੧੭੫੫ ਈ. ਤੱਕ ਪਹਿਲਾਂ ਪੰਜਾਬ ਵਿਚ ਚੂੰਕਿ ਨਵਾਬ ਜ਼ਕਰੀਆ ਖਾਨ ਪ੍ਰਸਿੱਧ ਨਾਮ ਸੂਬਾ ਖਾਨ ਬਹਾਦਰ ਤੇ ਫੇਰ ਮੀਰ ਮੁਯੱਨਲ ਮੁਲਕ ਉਰਫ ਮੀਰ ਮੰਨੂੰ ਦੇ ਜ਼ੁਲਮਾਂ ਕਾਰਨ ਸਿੱਖਾਂ ਦੀ ਹੋਂਦ ਬੜੀ ਖਤਰੇ ਵਿਚ ਹੋਣ ਕਰਕੇ ਇਲਾਕਾ ਮਾਝਾ ਵਿਚ ਹਮੇਸ਼ਾ ਹਫ਼ੜਾ-ਦਫੜੀ ਮੱਚੀ ਰਹਿੰਦੀ ਸੀ, ਇਸ ਲਈ ਬਾਬਾ ਦੀਪ ਸਿੰਘ ਜੀ ਨਾ ਤਾਂ ਕਦੇ ਦਰਿਆ ਸਤਲੁਜ ਲੰਘੇ ਤੇ ਨਾ ਮੁੜ ਕਦੇ ਆਪਣੇ ਪਿੰਡ ਪਹੂ ਵਿੰਡ ਹੀ ਗਏ । ਸੰਨ ੧੭੪੮ ਤੋਂ ੧੭੫੮ ਤੱਕ ਸਿੱਖ ਯੋਧਿਆਂ ਦੀ ਅਣਥੱਕ ਕੌਮੀ ਜਦੋ-ਜਹਿਦ ਤੇ ਕੁਰਬਾਨੀਆਂ ਦੇ ਜਜ਼ਬੇ ਕਾਰਨ ਦੇਸ਼ ਵਿਚ ਕਾਫੀ ਜਾਗ੍ਰਿਤੀ ਆਈ, ਇਸ ਲਈ ਖਾਲਸਾ ਪੰਥ ਦਾ ਵਾਧਾ ਹੋਣ ਤੇ ਧੀਰੇ-ਧੀਰੇ ਸਿੱਖਾਂ ਦੀਆਂ ੧੨ ਮਿਸਲਾਂ ਹੋਂਦ ਵਿੱਚ ਆਈਆਂ । ਇਸ ਸਮੇਂ ਬਾਬਾ ਦੀਪ ਸਿੰਘ ਜੀ, ਜੋ ਆਪਣੇ ਸਾਥੀ ਸਿੰਘਾਂ ਸਮੇਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਤੋਂ ਆਪਣੀ ਬਹਾਦਰੀ ਦੇ ਜੌਹਰ ਵਿਖਾਉਂਦੇ ਚਲੇ ਆ ਰਹੇ ਸਨ, ਇਸ ਸਮੇਂ ਦੇ ਦੌਰਾਨ ਵਿਚ ਆਪਣੀ ਇੱਕ ਅਤਿ ਚੰਗੀ ਜਥੇਬੰਦੀ ਕਾਇਮ ਕਰਕੇ ਉਸ ਦੇ ਆਗੂ ਬਣ ਗਏ । ਇਸ ਮਿਸਲ ਦਾ ਨਾਮ ਜਿਸ ਦੀ ਗਿਣਤੀ ਸਿੱਖਾਂ ਦੀਆਂ ੧੨ ਮਿਸਲਾਂ ਵਿਚ ਹੈ, ਬਾਬਾ ਜੀ ਦੇ ਨਾਂ ਤੇ ਸ਼ਹੀਦਾਂ ਦੀ ਮਿਸਲ ਮਸ਼ਹੂਰ ਹੋਇਆ । ਜਿਸ ਮਿਸਲ ਦੇ ਘੋੜ-ਸਵਾਰ ਸਿਪਾਹੀਆਂ ਦੀ ਕੁੱਲ ਨਫ਼ਰੀ ੨੦੦੦ ਸੀ ।

ਸੰਨ ੧੭੫੮ ਈਸਵੀ ਵਿਚ ਨਵਾਬ ਅਦੀਨਾ ਬੇਗ ਦੇ ਮਰਨ ਪਿੱਛੋਂ ਜਦ ਸਿੱਖਾਂ ਨੇ ਇਲਾਕਾ ਜਲੰਧਰ-ਦੁਆਬਾ ਉਤੇ ਕਬਜ਼ਾ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਇਕੋ ਹੱਲੇ ਨਾਲ ਦਰਿਆ ਬਿਆਸ ਤੇ ਰਾਵੀ ਲੰਘ ਕੇ ਕਰਤਾਰਪੁਰ ਦੇ ਨੇੜਿਉਂ ਇਲਾਕਾ ਸਿਆਲਕੋਟ ਉਤੇ ਜਾ ਪਏ ਅਤੇ ਉਥੋਂ ਦੇ ਹਾਕਮ ਮੁਹੰਮਦ ਅਮੀਨ ਨੂੰ ਜਿੱਤ ਕੇ ਪਹਿਲਾਂ ਤਾਂ ਉਹ ਇਲਾਕਾ ਸਰਦਾਰ ਦਿਆਲ ਸਿੰਘ ਤੇ ਨੱਥਾ ਸਿੰਘ (ਸ਼ਹੀਦ) ਦੇ ਹਵਾਲੇ ਕੀਤਾ, ਪਰ ਜਦ ਇਨ੍ਹਾਂ ਦੇ ਜਾਨਸ਼ੀਨ ਸਰਦਾਰ ਕਰਮ ਸਿੰਘ ਤੇ ਗੁਲਾਬ ਸਿੰਘ ਨੇ ਕੁੱਝ ਅੱਖਾਂ ਵਿਖਾਈਆਂ ਤਾਂ ਬਾਬਾ ਦੀਪ ਸਿੰਘ ਜੀ ਨੇ ਉਹ ਇਲਾਕਾ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦੇ ਨਾਂ ਬਤੌਰ ਜਾਗੀਰ ਉਥੋਂ ਦੇ

ਲੰਗਰ ਪਾਣੀ ਦੇ ਖਰਚ ਵਾਸਤੇ ਲਗਾ ਦਿੱਤਾ। ਇਹ ਉਸ ਗੁਰਦੁਆਰੇ ਦੇ ਨਾਂ ਸਭ ਤੋਂ ਪਹਿਲੀ ਜਾਗੀਰ ਸੀ, ਜੋ ਸ਼ਹੀਦਾਂ ਦੀ ਮਿਸਲ ਵਲੋਂ ਲਗਾਈ ਗਈ।

ਬਾਬਾ ਦੀਪ ਸਿੰਘ, ਜਿਵੇਂ ਕਿ ਪਹਿਲਾਂ ਦਸਿਆ ਜਾ ਚੁੱਕਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਦਮਦਮੀ ਬੀੜਾਂ ਦੇ ਚਾਰ ਉਤਾਰੇ ਕਰਵਾ ਕੇ ਚਹੁਮ ਤਖਤਾਂ ਤੇ ਭੇਜ ਚੁੱਕੇ ਸਨ, ਪਰ ਗੁਰਬਾਣੀ ਬਾਰੇ ਖੋਜ ਤੇ ਪੁਨਰ ਸੰਸ਼ੋਧਨ ਦੀ ਭਾਵਨਾ ਉਨ੍ਹਾਂ ਦੇ ਦਿਲਾਂ ਵਿਚ ਫਿਰ ਵੀ ਜਿਉਂ ਦੀ ਤਿਉਂ ਬਣੀ ਰਹੀ, ਜਿਸ ਕਰਕੇ ਸੰਨ ੧੭੬੦ ਵਿਚ ਜਦ ਕਿ ਇਲਾਕਾ ਜਲੰਧਰ ਦੁਆਬੇ ਵਿਚ ਸਿੱਖਾਂ ਦਾ ਰੁਅਬ ਦਾਬ ਕਾਰਨ ਹਰ ਪਾਸੇ ਬੜਾ ਅਮਨ-ਅਮਾਨ ਸੀ ਤਾਂ ਬਾਬਾ ਜੀ ਨੇ ਫੇਰ ਉਹੋ ਕੰਮ ਸ਼ੁਰੂ ਕੀਤਾ ਤੇ ਕੁਝ ਚਿਰ ਕਰਤਾਰਪੁਰ (ਜਲੰਧਰ) ਠਹਿਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪੁਨਰ ਸੰਸ਼ੋਧਨ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸ ਬੀੜ ਨਾਲ ਕੀਤਾ ਜੋ ਬੜੀ ਦੇਰ ਤੋਂ ਬਾਬਾ ਧੀਰਮਲ ਦੇ ਸਮੇਂ ਤੋਂ ਕਰਤਾਰਪੁਰੀਏ ਸੋਢੀਆਂ ਦੇ ਕਬਜ਼ੇ ਵਿਚ ਸੀ। ਇਸ ਕੰਮ ਵਿਚ ਉਨ੍ਹਾਂ ਨੂੰ ਛੇ ਮਹੀਨੇ ਕਾਫੀ ਮਿਹਨਤ ਕਰਨੀ ਪਈ ਤੇ ਆਪ ਇਸ ਰਿਹਾਇਸ਼ ਦੇ ਸਮੇਂ ਵਿਚ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਏ ਦੇ ਲੰਗਰ ਤੋਂ ਪ੍ਰਸ਼ਾਦਿ/ਪਾਣੀ ਛਕਦੇ ਰਹੇ, ਪਰ ਆਖਰ ਇਸ ਨੇਕ ਕੰਮ ਨੂੰ ਸੰਪੂਰਨ ਕਰਕੇ ਹੀ ਸਾਹ ਲਿਆ ਅਤੇ ਇਹ ਸੰਸ਼ੋਧਿਤ ਬੀੜ ਇਸ ਤੋਂ ਪਿੱਛੋਂ ਛੇਤੀ ਹੀ ਆਪ ਨੇ ਸ੍ਰੀ ਦਮਦਮਾ ਸਾਹਿਬ ਭੇਜ ਦਿੱਤੀ।

ਅਠਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਹੀ ਹਿੰਦੁਸਤਾਨ ਦੀ ਮੁਗਲ ਹਕੂਮਤ ਚੂੰਕਿ ਕਮਜ਼ੋਰ ਹੋਈ ਤੇ ਇਸ ਸਦੀ ਦੇ ਅੱਧ ਤੱਕ ਪਹਿਲਾਂ ਅਫ਼ਗਾਨ ਤੋਂ ਨਾਦਿਰਸ਼ਾਹ ਤੇ ਫਿਰ ਸੰਨ ੧੭੪੭ ਤੋਂ ਅਹਿਮਦ ਸ਼ਾਹ ਦੁਰਾਨੀ ਨੇ ਲਗਾਤਾਰ ਪੰਜ-ਛੇ ਹੱਲੇ ਕਰਕੇ ਤਾਂ ਮੁਗਲਈ ਬਾਦਸ਼ਾਹਤ ਦਾ ਰਹਿੰਦਾ ਖੂੰਹਦਾ ਲੱਕ ਵੀ ਤੋੜ ਦਿੱਤਾ ਸੀ, ਇਸ ਲਈ ਪੰਜਾਬ ਵਿਚ ਸਿੱਖਾਂ ਦੇ ਖਾਤਮੇ ਲਈ ਜੋ ਕਿ ਬੜੀ ਦਲੇਰੀ ਨਾਲ ਦੁਰਾਨੀਆਂ ਦਾ ਅੱਗਾ ਰੋਕਦੇ ਸਨ, ਗੁਰੂ ਖਾਲਸੇ ਦਾ ਪ੍ਰਸਿੱਧ ਤੀਰਥ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਉਸ ਸਮੇਂ ਦੁਰਾਨੀਆਂ ਦੀਆਂ ਅੱਖਾਂ ਵਿਚ ਵਧੇਰੇ ਰੜਕਿਆ, ਜਿਸ ਕਾਰਨ ਅਹਿਮਦ ਸ਼ਾਹ ਅਬਦਾਲੀ ਦੇ ਆਦੇਸ਼ ਨਾਲ ਉਸਦੇ ਸਿਪਾਹ ਸਾਲਾਰ ਜਹਾਨ ਖਾਨ ਨੇ ਅੰਮ੍ਰਿਤਸਰ ਆਉਂਦਿਆਂ ਹੀ ਸ੍ਰੀ ਦਰਬਾਰ ਸਾਹਿਬ ਦਾ ਅੰਮ੍ਰਿਤ ਸਰੋਵਰ ਪੂਰ ਕੇ ਗੁਰੂ ਘਰ ਦੀ ਘੋਰ ਬੇ-ਅਦਬੀ ਕੀਤੀ ਤੇ ਫੇਰ ਗੁਰੂ ਕੀ ਨਗਰੀ ਦੇ ਇਰਦ-ਗਿਰਦ ਬੜੇ ਸਖ਼ਤ ਪਹਿਰੇ ਲਗਾ ਦਿੱਤੇ ਤਾਂ ਕਿ ਕੋਈ ਵੀ ਸਿੱਖ ਬਾਹਰੋਂ ਅੰਮ੍ਰਿਤਸਰ ਦੀ ਹੱਦ ਅੰਦਰ ਦਾਖਲ ਨਾ ਹੋ ਸਕੇ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਇਹ ਘੋਰ ਬੇ-ਅਦਬੀ ਸੁਣ ਕੇ ਨਾ ਕੇਵਲ ਗਵਾਂਢ ਵਿਚ ਦੁਆਬੀਏ ਸਿੰਘਾਂ ਦੇ ਦਿਲਾਂ ਵਿਚ ਹੀ ਜੋਸ਼ ਜਾਗਿਆ, ਸਗੋਂ ਇਸ ਨਾਲ ਦਰਿਆ ਸਤਲੁਜ ਪਾਰ ਕਰਕੇ ਸ੍ਰੀ ਅਨੰਦਪੁਰ ਸਾਹਿਬ ਤੇ ਮਾਲਵੇ ਵਿਚ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਸਥਾਨ ਤੇ ਬੈਠੇ ਮਿਸਲ ਸ਼ਹੀਦਾਂ ਦੇ ਮੋਢੀਆਂ ਨੂੰ ਚੰਗੀ ਤਰ੍ਹਾਂ ਝੂਣਿਆ, ਜਿਸ ਕਾਰਨ ਸ਼ਹੀਦਾਂ ਦੀ ਮਿਸਲ ਦੇ ਆਗੂ ਬਾਬਾ ਦੀਪ ਸਿੰਘ ਜੀ ਭਾਵੇਂ ਇਸ ਸਮੇਂ ੭੯-੮੦ ਵਰ੍ਹਿਆਂ ਦੇ ਬਿਰਧ ਵਿਅਕਤੀ ਹੋਣ ਕਰਕੇ ਦੁਨਿਆਵੀ ਜਦੋ-ਜਹਿਦ ਵੱਲੋਂ ਕੁੱਝ ਤਿਆਗ ਬ੍ਰਿਤੀ ਧਾਰਨ ਕਰ ਬੈਠੇ ਸਨ, ਪਰ ਫੇਰ ਵੀ ਜਦ ਇਸਤਰ੍ਹਾਂ ਗੁਰੂ ਦਰਬਾਰ ਦੀ ਇਹ ਬੇ-ਅਦਬੀ ਸੁਣੀ ਤਾਂ ਉਨ੍ਹਾਂ ਤੋਂ ਨਾ ਰਹਿ ਹੋਇਆ। ਉਨ੍ਹਾਂ ਦੇ ਖੂਨ ਨੇ ਉਬਾਲਾ ਖਾਧਾ ਤੇ ਉਹ ਆਪਣਾ ਬੜਾ ਵਜ਼ਨਦਾਰ ਦੋ ਧਾਰਾ ਖੰਡਾ ਫੜ੍ਹ ਕੇ ਜੋਸ਼ ਨਾਲ ਜਵਾਨਾਂ ਵਾਂਗੂ ਉਠ ਖਲੋਤੇ ਤੇ ਇਰਦ-ਗਿਰਦ ਦੇ ਪਿੰਡਾਂ ਵਿਚੋਂ ਬਹੁਤ ਸਾਰੇ ਸਿਰਲੱਥ ਯੋਧੇ, ਜਿਨ੍ਹਾਂ ਦੀ ਗਿਣਤੀ ਢਾਈ ਤਿੰਨ ਹਜ਼ਾਰ ਦੇ ਲੱਗਭੱਗ ਸੀ, ਇਕੱਠੇ ਕਰਕੇ, ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਹੋਏ ਬੜੀ ਤੇਜ਼ੀ ਨਾਲ ਰੇਤਲੇ ਥੱਲਾਂ ਦੇ ਪੰਧ ਚੀਰ ਕੇ ਹਰੀ ਕੇ ਪੱਤਣੋਂ ਦਰਿਆ ਸਤਲੁਜ ਲੰਘੇ ਤੇ ਸਾਰੇ ਸ਼ਹੀਦੀ ਜਥੇ ਸਮੇਤ ਗੁਰੂ ਨਗਰੀ ਤਰਨ ਤਾਰਨ ਜਾ ਪਹੁੰਚੇ। ਇਸ ਤਰ੍ਹਾਂ ਤਰਨ ਤਾਰਨ ਪਹੁੰਚਦਿਆਂ ਹੀ ਰਸਤੇ ਵਿਚੋਂ ਵੀ ਅਨੇਕਾਂ ਹੋਰ ਮਲਵਈ ਤੇ ਮਝੈਲ ਸਿੰਘ ਇਸ ਜਥੇ ਵਿਚ ਸ਼ਾਮਿਲ ਹੋਣ ਤੇ ਇਨ੍ਹਾਂ ਸ਼ਹੀਦੀ ਸਿਪਾਹੀਆਂ ਦੀ ਕੁੱਲ ਗਿਣਤੀ ਪੰਜ ਹਜ਼ਾਰ ਦੇ ਲੱਗਭੱਗ ਹੋ ਗਈ।

ਇਸ ਤਰ੍ਹਾਂ ਸ੍ਰੀ ਤਰਨ ਤਾਰਨ ਪਹੁੰਚਦਿਆਂ ਹੀ ਉਥੇ ਗੁਰੂ ਦਰਬਾਰ ਨੂੰ ਮੱਥਾ ਟੇਕ ਕੇ ਜਦ ਇਹ ਸ਼ਹੀਦੀ ਦਲ ਨਗਰੋਂ ਬਾਹਰ ਥੋੜ੍ਹੀ ਵਿੱਥ 'ਤੇ, ਜਿਥੇ ਕਿ ਅੱਜ ਕੱਲ ਪੱਕੀ ਸੜਕ ਦੇ ਇਰਦ ਗਿਰਦ ਰਿਹਾਇਸ਼ੀ ਕੋਠੀਆਂ

ਬਣੀਆਂ ਹਨ, ਜਾ ਪਹੁੰਚਿਆ ਤਾਂ ਉਥੇ ਅਚਾਨਕ ਇਹ ਪਤਾ ਲੱਗਣ 'ਤੇ ਕਿ ਅੱਗੇ ਨੇੜੇ ਹੀ ਦੋ ਕੁ ਕੋਹਾਂ ਦੀ ਵਿੱਥ 'ਤੇ ਦੁਰਾਨੀਆਂ ਦਾ ਅਣਗਿਣਤ ਟਿੱਡੀ ਦਲ ਉਨ੍ਹਾਂ ਦਾ ਰਾਹ ਰੋਕਣ ਵਾਸਤੇ ਤਿਆਰ ਹੈ ਤਾਂ ਧਰਮ ਵੀਰ ਬਾਬਾ ਦੀਪ ਸਿੰਘ ਜੀ ਨੇ ਬੜੇ ਜੋਸ਼ ਖਰੋਸ਼ ਨਾਲ ਅੱਗੇ ਵੱਧ ਕੇ ਆਪਣੇ ਦੁਧਾਰੇ ਖੰਡੇ ਨਾਲ ਇੱਕ ਲਕੀਰ ਖਿੱਚ ਦਿੱਤੀ ਅਤੇ ਗੱਜ ਕੇ ਬੁਲੰਦ ਆਵਾਜ਼ ਵਿਚ ਕਿਹਾ ਕਿ 'ਖਾਲਸਾ ਜੀ! ਹੁਣ ਸ੍ਰੀ ਦਰਬਾਰ ਸਾਹਿਬ ਦੀ ਆਜ਼ਾਦੀ ਲਈ ਮਰ ਮਿਟ ਕੇ ਸ਼ਹੀਦੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਸਮਾਂ ਹੈ, ਇਸ ਲਈ ਲਕੀਰ ਨੂੰ ਟੱਪ ਕੇ ਉਹੋ ਯੋਧੇ ਅੱਗੇ ਵੱਧਣ ਜਿਨ੍ਹਾਂ ਨੇ ਸ਼ਹੀਦੀ ਪ੍ਰਾਪਤ ਕਰਨੀ ਹੋਵੇ, ਨਹੀਂ ਤਾਂ ਜਿਨ੍ਹਾਂ ਨੂੰ ਘਰ-ਬਾਰ ਜਾਂ ਆਪਣੀ ਜ਼ਿੰਦਗੀ ਦਾ ਮੋਹ-ਪਿਆਰ ਹੋਵੇ ਉਹ ਇਥੋਂ ਹੀ ਪਿੱਛੇ ਪਰਤ ਜਾਵੇ ਤੇ ਇਸ ਹੱਦ ਤੋਂ ਅੱਗੇ ਵੱਧਣ ਦਾ ਹਰਗਿਜ਼ ਯਤਨ ਨਾ ਕਰੇ।' ਆਪਣੇ ਸਿਰਲੱਥ ਯੋਧੇ, ਸ਼ਹੀਦੀ ਮਿਸਲ ਦੇ ਜਥੇਦਾਰ ਦੇ ਇਹ ਜੋਸ਼ ਭਰੇ ਬਚਨ ਸੁਣ ਕੇ ਅਜਿਹਾ ਕਿਹੜਾ ਸਿੱਖ ਸਿਪਾਹੀ ਸੀ ਜੋ ਪਿੱਛੇ ਮੁੜਦਾ, ਇਸ ਲਈ ਸਾਰੇ ਹੀ ਸਿੰਘ ਬੜੀ ਦਲੇਰੀ ਨਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਹੋਏ ਉਹ ਸ਼ਹੀਦੀ ਲਕੀਰ ਲੰਘੇ ਅਤੇ ਚਿਤ੍ਰਿਆਂ ਵਾਂਗੂ ਛਾਲਾਂ ਮਾਰਦੇ ਹੋਏ ਬੜੀ ਤੇਜ਼ੀ ਨਾਲ ਦੁਰਾਨੀਆਂ ਦੇ ਲਸ਼ਕਰ ਉਤੇ ਟੁੱਟ ਪਏ। ਬੱਸ ਫੇਰ ਕੀ ਸੀ, ਪਿੰਡ ਗੋਹਲਵਾੜ ਤੋਂ ਚੱਬੇ ਤੱਕ ਦੁਪਾਸਿਉਂ ਅਜਿਹੀ ਖਚਾਖਚ ਤਲਵਾਰ ਚੱਲੀ ਅਤੇ ਲੋਹੇ ਨਾਲ ਲੋਹਾ ਖੜਕਿਆ ਕਿ ਪਲੋ-ਪਲੀ ਵਿਚ ਲੋਥਾਂ ਦੇ ਢੇਰ ਲੱਗ ਗਏ ਤੇ ਲਹੂ ਦੇ ਵਹਿਣ ਵਹਿ ਤੁਰੇ। ਬਾਬਾ ਦੀਪ ਸਿੰਘ ਜੀ ਦੇ ਕਿਤਨੇ ਹੀ ਸਾਥੀ ਜੰਗ ਦੀ ਪਹਿਲੀ ਝੜਪ ਵਿਚ ਹੀ ਸ਼ਹੀਦ ਹੋ ਗਏ।

ਬਾਬਾ ਦੀਪ ਸਿੰਘ ਜੀ ਦੇ ਪ੍ਰਮੁੱਖ ਸਾਥੀ, ਜੋ ਇਸ ਹਮਲੇ ਵਿਚ ਸ਼ਾਮਿਲ ਹੋਏ, ਗਿਣਤੀ ਵਿਚ ਨੌਂ ਸਨ। ਬਾਬਾ ਸੁਧਾ ਸਿੰਘ, ਸੁਰ ਸਿੰਘ, ਹਰੀ ਸਿੰਘ, ਕੌਰ ਸਿੰਘ, ਦਯਾਲ ਸਿੰਘ, ਬਸੰਤ ਸਿੰਘ, ਬਲਵੰਤ ਸਿੰਘ, ਬੀਰ ਸਿੰਘ, ਰਣ ਸਿੰਘ ਤੇ ਰਾਮ ਸਿੰਘ। (ਪ੍ਰਸਿੱਧ ਸ਼ਹੀਦ) ਬਾਬਾ ਗੁਰਬਖਸ਼ ਸਿੰਘ ਜੀ, ਜੋ ਇਸ ਸਮੇਂ ਅਨੰਦਪੁਰ ਸਾਹਿਬ ਰਹਿੰਦੇ ਸਨ, ਆਪਣੇ ਕੁਝ ਸਾਥੀ ਸਿੰਘਾਂ ਸਮੇਤ ਬੜੀ ਤੇਜ਼ੀ ਨਾਲ ਦਰਿਆ ਸਤਲੁਜ ਤੇ ਬਿਆਸ ਲੰਘ ਕੇ ਪਿੰਡ ਚੱਬੇ ਦੇ ਨੇੜੇ ਪਹੁੰਚਦਿਆਂ ਹੀ ਖਾਲਸਾ ਦਲ ਨਾਲ ਜਾ ਰਲੇ। ਅਗੇ ਦੁਰਾਨੀ ਸਿਪਾਹ-ਸਲਾਰ ਜਹਾਨ ਖਾਨ, ਜੋ ਸਿੰਘਾਂ ਦੇ ਮੁਕਾਬਲੇ ਲਈ ਹਾਜੀ ਅਤਾ ਖਾਨ ਨੂੰ ਉਡੀਕ ਰਿਹਾ ਸੀ, ਪਰ ਅਲੀ ਖਾਨ, ਸਾਬਰ ਖਾਨ ਤੇ ਯਾਕੂਬ ਖਾਨ ਨੇ ਦੁਰਾਨੀਆਂ ਨੂੰ ਪਿੱਛੇ ਹਟਦਿਆਂ ਵੇਖ ਕੇ ਉਸ ਤੋਂ ਪਹਿਲਾਂ ਹੀ ਸਿੰਘਾਂ ਉਤੇ ਹੱਲਾ ਬੋਲ ਦਿੱਤਾ। ਨਤੀਜੇ ਵਜੋਂ ਪਿੰਡ ਚੱਬੇ ਦੇ ਨੇੜੇ ਗਹਿ-ਗੱਚ ਲੜਾਈ ਹੋਈ। ਯਾਕੂਬ ਖਾਨ ਤੇ ਅਮਾਨ ਖਾਨ ਆਪਣੇ ਅਨਗਿਣਤ ਸਾਥੀਆਂ ਸਮੇਤ ਮਾਰੇ ਗਏ ਅਤੇ ਸਿੰਘਾਂ ਵੱਲੋਂ ਵੀ ਕਿਤਨੇ ਹੀ ਯੋਧੇ ਰਣ ਖੇਤਰ ਰਹੇ। ਇਧਰ ਚੱਬੇ ਦੇ ਸਥਾਨ 'ਤੇ ਹੀ ਇਸ ਦੁੰਦ-ਯੁੱਧ ਵਿਚ ਸ਼ਹੀਦਾਂ ਦੀ ਮਿਸਲ ਦੇ ਪ੍ਰਮੁੱਖ ਅਤੇ ਇਸ ਖਾਲਸਾ ਦਲ ਦੇ ਮੋਢੀ ਬਾਬਾ ਦੀਪ ਸਿੰਘ ਜੀ ਉਮਰ ਵਿਚ ਅੱਸੀਆਂ ਵਰ੍ਹਿਆਂ ਦੇ ਬ੍ਰਿਧ ਹੋਣ ਦੇ ਬਾਵਜੂਦ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਆਜ਼ਾਦੀ ਲਈ ਜੋਸ਼ ਵਿਚ ਆ ਕੇ ਨੌਜਵਾਨਾਂ ਵਾਂਗੂ ਖੰਡਾ ਫੜ੍ਹ ਕੇ ਇਸ ਤਰ੍ਹਾਂ ਲੜੇ ਕਿ ਉਨ੍ਹਾਂ ਨੇ ਇੱਕ-ਇੱਕ ਵਾਰ ਨਾਲ ਅਨੇਕਾਂ ਦੁਰਾਨੀ ਇੱਕ ਤੋਂ ਦੋ-ਦੋ ਟੋਟੇ ਕਰਕੇ ਬੱਕਰਿਆਂ ਵਾਂਗੂ ਝਟਕਾ ਸੁੱਟੇ। ਫੇਰ ਅਚਾਨਕ ਇੱਕ ਦੁਰਾਨੀ ਸੈਨਿਕ ਦੀ ਤਲਵਾਰ ਨਾਲ ਬਾਬਾ ਜੀ ਦਾ ਸਿਰ ਕੱਟਿਆ ਗਿਆ ਤੇ ਆਪ ਮੈਦਾਨਿ ਜੰਗ ਵਿਚ ਡਿੱਗ ਪਏ। ਇਹ ਵੇਖ ਕੇ ਕੋਲੋਂ ਹੀ ਇੱਕ ਸਿੰਘ ਨੇ ਪੁਕਾਰ ਕੇ ਕਿਹਾ -

ਪ੍ਰਣ ਤੁਮਾਰਾ ਦੀਪ ਸਿੰਘ ਰਿਹੋ। ਸੋਤੇ ਦੋਇ ਕੇਸ ਤੇ ਇਸ ਥਉਂ।

ਸਾਥੀ ਦਾ ਇਹ ਬਚਨ ਸੁਣ ਕੇ ਬਾਬਾ ਦੀਪ ਸਿੰਘ ਜੀ ਨੇ ਆਪਣਾ ਪ੍ਰਣ ਚੇਤੇ ਕੀਤਾ ਤੇ ਖੱਬੇ ਹੱਥ ਨਾਲ ਆਪਣੀ ਅਠਾਰਾਂ ਸੇਰ ਪੱਕੇ ਦੀ ਤੇਗ ਚਲਾਉਂਦੇ ਹੋਏ ਦੁਸ਼ਮਣ ਦੇ ਆਹੂ ਲਾਹੁੰਦੇ ਸ੍ਰੀ ਅੰਮ੍ਰਿਤਸਰ (ਚਾਟੀ ਵਿੰਡ) ਤੱਕ ਚਲੇ ਗਏ। ਇਹ ਵੇਖ ਕੇ ਦੁਰਾਨੀ ਏਨੇ ਭੈਭੀਤ ਹੋਏ ਕਿ 'ਲਾਸ਼ਾਂ ਲੜਦੀਆਂ ਹਨ।' ਇਹ ਆਖ ਮੈਦਾਨ ਛੱਡ ਕੇ ਨੱਸ ਗਏ। ਇਸ ਤਰ੍ਹਾਂ ਲੜਦੇ ਹੋਏ, ਜਦੋਂ ਉਹ ਰਾਮਸਰ ਦੇ ਲਾਗੇ ਚਾਟੀ ਵਿੰਡ ਦੇ ਨੇੜੇ, ਜਿਥੇ ਕਿ ਉਨ੍ਹਾਂ ਦਾ ਸ਼ਹੀਦੀ ਸਥਾਨ ਬਣਿਆ ਹਹੈ, ਪਹੁੰਚੇ ਤਾਂ ਪ੍ਰਣ ਪੂਰਾ ਹੋਣ' ਤੇ ਵੀਰ ਗਤੀ ਨੂੰ ਪ੍ਰਾਪਤ ਹੋ ਗਏ। ਇਹ ਸ਼ਹੀਦੀ ਘਟਨਾ ਮਾਘ ਸੰਮਤ ੧੮੩੭ ਬਿਕ੍ਰਮੀ ਦੀ ਹੈ। ਬਾਬਾ ਜੀ ਦੇ ਨਾਲ ਇਸ ਜੰਗ ਵਿਚ ਸਰਦਾਰ ਅਘੜ ਸਿੰਘ, ਸੰਤ ਸਿੰਘ, ਸੱਜਣ ਸਿੰਘ, ਹੀਰਾ ਸਿੰਘ, ਨਿਹਾਲ ਸਿੰਘ, ਬਹਾਦਰ ਸਿੰਘ ਆਦਿ ਕਿਤਨੇ ਹੀ

ਹੋਰ ਸਿੰਘ ਵੀ ਸ਼ਹੀਦ ਹੋਏ । ਉਨ੍ਹਾਂ ਦੇ ਸ਼ਹੀਦ ਹੋਣ ਤੇ ਹੋਰ ਸ਼ਹੀਦ ਸਿੰਘਾਂ ਦੇ ਨਾਲ ਹੀ ਉਨ੍ਹਾਂ ਦੇ ਸਰੀਰ ਦਾ ਸਸਕਾਰ ਇਸ ਜੰਗ ਤੋਂ ਬਾਅਦ ਗੁਰਦੁਆਰਾ ਰਾਮਸਰ ਦੇ ਲਾਗੇ ਕੀਤਾ ਗਿਆ, ਜਿਥੇ ਕਿ 'ਸ਼ਹੀਦ ਗੰਜ ਬਾਬਾ ਦੀਪ ਸਿੰਘ' ਦੇ ਨਾਮ 'ਤੇ ਉਨ੍ਹਾਂ ਦੀ ਅਮਰ ਸ਼ਹਾਦਤ ਦੀ ਯਾਦਗਾਰ ਕਾਇਮ ਹੈ ।

ਬਾਬਾ ਦੀਪ ਸਿੰਘ ਜੀ ਦੀ ਇਸ ਸ਼ਹੀਦੀ ਤੋਂ ਬਾਅਦ ਸਿੰਘਾਂ ਦੀਆਂ ਇਨ੍ਹਾਂ ਬਹਾਦਰੀਆਂ ਦਾ ਨਤੀਜਾ ਇਹ ਹੋਇਆ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਕੁੱਝ ਸਮੇਂ ਲਈ ਆਜ਼ਾਦ ਹੋ ਗਿਆ ਤੇ ਦੁਰਾਨੀ ਇਥੋਂ ਦੁਮ-ਦਬਾ ਕੇ ਲਾਹੌਰ ਵੱਲ ਨੱਸ ਗਏ, ਪਰ ਪੰਜਾਬ ਵਿਚ ਸਦੀਵੀ ਅਮਨ ਇਸ ਕਰਕੇ ਨਾ ਹੋਇਆ ਕਿ ਦਰਿਆ ਅਟਕ ਤੋਂ ਸਰਹਿੰਦ ਤੱਕ ਥਾਉਂ ਥਾਈਂ ਦੁਰਾਨੀਆਂ ਦੀਆਂ ਸੈਨਿਕ ਟੁਕੜੀਆਂ ਤੈਨਾਤ ਹੋਣ ਕਰਕੇ ਇਥੋਂ ਵਿਦੇਸ਼ੀ ਦਬਾਅ ਅਜੇ ਘਟਿਆ ਨਹੀਂ ਸੀ । ਦਿੱਲੀ ਦੀ ਨਾਮ ਮਾਤਰ ਮੁਗਲਈ ਹਕੂਮਤ ਉਨ੍ਹਾਂ ਦੇ ਸਾਹਮਣੇ ਸਿਰ ਨਹੀਂ ਸੀ ਚੁਕ ਸਕਦੀ ਅਤੇ ਮਰਹੱਟੇ ਵੀ ਕੁਸਕਣ ਜੋਗੇ ਨਹੀਂ ਸਨ । ਇਸ ਲਈ ਅਹਿਮਦ ਸ਼ਾਹ ਨੂੰ ਜੇ ਕੋਈ ਫਿਕਰ ਸੀ ਤਾਂ ਉਹ ਕੇਵਲ ਸਿੱਖਾਂ ਦਾ ਸੀ, ਕਿਉਂਕਿ ਹਿੰਦੁਸਤਾਨ ਦੇ ਬੂਹੇ ਪੰਜਾਬ ਉਤੇ ਮੁਸਤੈਦ ਹੋ ਕੇ ਪਹਿਰਾ ਦੇ ਰਹੇ ਇਹੋ ਬਹਾਦਰ ਯੋਧੇ ਉਸ ਦੀ ਸਿਰਦਰਦੀ ਦਾ ਕਾਰਨ ਬਣੇ ਹੋਏ ਸਨ ।ਇਸ ਲਈ ਇਸ ਤੋਂ ਅਗਲੇ ਹੀ ਸਾਲ ਸੰਨ ੧੭੬੨ ਈਸਵੀ ਵਿਚ ਅਹਿਮਦ ਸ਼ਾਹ ਦੇ ਛੇਵੇਂ ਹਮਲੇ ਸਮੇਂ ਕੁੱਪ ਰਹੀੜੇ ਦੇ ਸਥਾਨ ਉੱਤੇ ਵੱਡਾ ਘੱਲੂਘਾਰਾ ਹੋਣ ਤੇ ਸਿੱਖਾਂ ਦੇ ਖੂਨ ਦੀਆਂ ਨਦੀਆਂ ਕਿਵੇਂ ਵਗੀਆਂ ? ਫੇਰ ਅਹਿਮਦ ਸ਼ਾਹ ਦੁਰਾਨੀ ਹੱਥੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਬਾਰੂਦ ਨਾਲ ਉਡਾਇਆ ਜਾਣ ਦੇ ਬਾਵਜੂਦ ਸਿੰਘਾਂ ਨੇ ਬੜੇ ਜੋਸ਼ ਖਰੋਸ਼ ਨਾਲ ਉਠ ਕੇ ਦੁਰਾਨੀਆਂ ਨੂੰ ਦੇਸ਼ ਵਿਚੋਂ ਕਿਵੇਂ ਕੱਢਿਆ ਤੇ ਫੇਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨਵੀਂ ਉਸਾਰੀ ਕਰਕੇ ਸਿੱਖ ਮਿਸਲਾਂ ਨੇ ਪੰਜਾਬ ਨੂੰ ਦੁਰਾਨੀਆਂ ਤੋਂ ਹਮੇਸ਼ਾਂ ਲਈ ਕਿਵੇਂ ਆਜ਼ਾਦ ਕੀਤਾ ? ਇਹ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਦੇ ਬੜੇ ਉਜਲ ਪੱਖ ਹਨ, ਜਿਨ੍ਹਾਂ ਉਤੇ ਖਾਲਸਸਾ ਪੰਥ ਨੂੰ ਹਮੇਸ਼ਾਂ ਮਾਣ ਰਹੇਗਾ ।

## ਸਿੱਖ

**ਰਘਬੀਰ ਸਿੰਘ 'ਬੀਰ'**

**ਸਿੱਖ ਦਾ ਅਸਲ ਮਤਲਬ** - ਲਫਜ਼ 'ਸਿੱਖ' ਦੇ ਅਸਲ ਅਰਥ ਤਾਲਬ-ਇਲਮ, ਸਿਖਣ ਦਾ ਅਭਿਲਾਸ਼ੀ, ਸੱਚ ਦਾ ਖੋਜੀ, ਗਿਆਨ ਦਾ ਮੁਤਲਾਸ਼ੀ ਹੈ । ਸੱਚ ਦੀ ਤਲਾਸ਼ ਸਿੱਖ ਦੇ ਜੀਵਨ ਦਾ ਆਧਾਰ ਅਤੇ ਆਦਰਸ਼ ਹੈ । ਇਹ ਜਿਸਮ ਅਤੇ ਜਿਸਮ ਸਬੰਧੀ ਸਾਰੀਆਂ ਖੇਡਾਂ ਖੇਡਦਾ ਹੋਇਆ, ਮਾਇਆ ਵਿਚੋਂ ਲੰਘਦਾ, ਦਸਾਂ ਨਹੁੰਆਂ ਦੀ ਕਮਾਈ ਕਰਦਾ, ਗ੍ਰਿਹਸਤ ਦੇ ਸਾਰੇ ਫਰਜ਼ ਨਿਭਾਂਦਾ, ਬਾਲ ਬੱਚੇ, ਇਸਤ੍ਰੀ, ਮਾਤਾ ਪਿਤਾ, ਰਿਸ਼ਤੇਦਾਰਾਂ, ਦੋਸਤਾਂ, ਕੌਮ, ਮੁਲਕ ਅਤੇ ਜਗਤ ਦੀ ਸੇਵਾ ਕਰਦਾ ਹੋਇਆ ਆਪਣੇ ਖਿਆਲ ਵਿਚ ਇਹਨਾਂ ਸਭ ਤੋਂ ਅਲਹਿਦਾ ਰਹਿੰਦਾ ਹੈ । ਦੁਨੀਆਂ ਦੇ ਸਭ ਸਵਾਲਾਂ ਨੂੰ ਹਲ ਕਰਦਾ ਹੋਇਆ ਆਪਣੇ ਸਾਹਮਣੇ ਆਪਣੀ ਅਸਲੀਅਤ ਦੀ ਪਛਾਣ ਦੇ ਸਵਾਲ ਨੂੰ ਸਭ ਤੋਂ ਵਿਸ਼ੇਸ਼ ਸਮਝਦਾ ਹੈ । ਉਸ ਨੂੰ ਜ਼ਿੰਦਗੀ ਦੇ ਰਾਜ਼ ਨੂੰ ਸਮਝਣ ਦੀ ਖਾਹਿਸ਼ ਜ਼ਿੰਦਗੀ ਦੇ ਕਿਸੇ ਹਿੱਸੇ ਵਿਚ ਚੈਨ ਨਹੀਂ ਲੈਣ ਦੇਂਦੀ । ਉਸ ਦੀ ਰੀਝ, ਤਲਾਸ਼, ਉਸ ਦਾ ਸ਼ੌਕ, ਖੋਜ ਅਤੇ ਉਸ ਦੀ ਜ਼ਿੰਦਗੀ, ਜ਼ਿੰਦਗੀ ਨੂੰ ਸਮਝਣਾ ਹੁੰਦੀ ਹੈ । ਉਸ ਨੂੰ ਆਪਣੀ ਕਾਮਯਾਬੀ ਤੇ ਪੂਰਾ ਵਿਸ਼ਵਾਸ ਹੁੰਦਾ ਹੈ, ਇਸ ਵਾਸਤੇ ਉਹ ਉਤਸ਼ਾਹ ਤੇ ਦ੍ਰਿੜ੍ਹਤਾ ਦਾ ਰੂਪ ਬਣ ਕੇ ਰਹਿੰਦਾ ਹੈ ।

**ਸਿੱਖ ਤੇ 'ਹਾਰ'**- ਦੁਨੀਆਂ ਦੀ ਕੋਈ ਖਿੱਚ, ਕੋਈ ਲਾਲਚ, ਕੋਈ ਰੁਕਾਵਟ, ਸਿੱਖ ਦੇ ਜਮਾਂਦਰੂ ਖੋਜ ਦੇ ਸੁਭਾ ਨੂੰ ਦਬਾ ਨਹੀਂ ਸਕਦੀ । ਉਹ ਮਾਇਆ ਤੋਂ, ਪਾਪ ਤੋਂ, ਨਫਸਾਨੀ ਕਮਜ਼ੋਰੀਆਂ ਤੋਂ ਕਈ ਵਾਰ ਹਾਰ ਖਾ ਸਕਦਾ ਹੈ, ਬੁਰੀ ਤਰ੍ਹਾਂ ਹਾਰ ਸਕਦਾ ਹੈ ਪਰ ਉਹ ਇਹਨਾਂ ਤੋਂ ਉਕਾ ਜਿਤਿਆ ਨਹੀਂ ਜਾ ਸਕਦਾ । ਉਸ ਨੂੰ ਸੁਭਾਵਕ ਪਤਾ ਹੁੰਦਾ ਹੈ ਕਿ ਰਸਾ-ਕਸ਼ੀ ਵਿਚ, ਕਸ਼-ਮਕਸ਼ ਵਿਚ, ਲੜਾਈ ਵਿਚ, ਜਿੱਤ ਉਸੇ ਧਿਰ ਦੀ ਹੁੰਦੀ ਹੈ ਜੋ ਅਖੀਰ ਵਿਚ ਜਿੱਤੇ । ਇਸ ਕਰ ਕੇ ਉਹ ਮੁਸ਼ਕਲਾਂ ਨੂੰ ਹਮੇਸ਼ਾਂ ਹਾਥੀ ਦੀ ਤਰ੍ਹਾਂ ਪੈਰਾਂ ਹੇਠ ਲਿਤਾੜਦਾ ਆਪਣੀ ਖੋਜ ਦੀ ਧੁਨ ਵਿਚ, ਆਪਣੀ ਆਖਰੀ ਜਿੱਤ ਦੇ ਯਕੀਨ ਦੀ ਤਸੱਲੀ ਵਿਚ ਆਪਣੇ ਰਸਤੇ

ਤੇ ਅਡੋਲ ਤੁਰੀ ਜਾਂਦਾ ਹੈ । ਉਸ ਦੇ ਪੈਰਾਂ ਵਿਚ ਕੰਡੇ ਚੁਭ ਸਕਦੇ ਹਨ, ਜ਼ਖਮੀ ਕਰ ਸਕਦੇ ਹਨ ਪਰ ਉਸ ਨੂੰ ਅਗਾਹ ਤੁਰਨ ਤੋਂ ਰੋਕ ਨਹੀਂ ਸਕਦੇ । ਉਹ ਇਸ ਰਸਤੇ ਵਿਚ ਡਿਗ ਸਕਦਾ ਹੈ ਹੱਡ ਗੋਡੇ ਤੁੜਵਾ ਸਕਦਾ ਹੈ ਪਰ ਉਸ ਦੀ ਨਜ਼ਰ ਹਮੇਸ਼ਾਂ ਉਚੇਰੇ ਰਹਿੰਦੀ ਹੈ, ਜਿਸ ਕਰ ਕੇ ਉਹ ਡਿਗਦਾ ਢਹਿੰਦਾ ਉਠਦਾ,ਕਪੜੇ ਝਾੜਦਾ ਆਪਣੇ ਸਫਰ ਨੂੰ ਕਾਇਮ ਰਖਦਾ ਹੈ, ਆਪਣੀ ਖੋਜ ਜਾਰੀ ਰਖਦਾ ਹੈ ।

**ਸਿੱਖ ਦਾ ਨਿਸਚਾ** – ਸਿੱਖ ਨੂੰ ਗੁਰੂ ਨਾਨਕ ਉਤੇ ਇਤਨਾ ਭਰੋਸਾ ਹੁੰਦਾ ਹੈ ਜਿਤਨਾ ਬੱਚੇ ਨੂੰ ਮਾਂ ਉਤੇ । ਉਸ ਨੂੰ ਯਕੀਨ ਹੁੰਦਾ ਹੈ ਕਿ ਗੁਰੂ ਨਾਨਕ ਜੀ ਦੀ ਉਂਗਲੀ ਫੜ ਕੇ ਉਹ ਇਸ ਦੁਨੀਆਂ ਦੇ ਮੇਲੇ ਵਿਚ, ਭੀੜ ਭਾੜ ਵਿਚ, ਰੌਲੇ ਗੌਲੇ ਵਿਚ ਕਦੀ ਗਵਾਚ ਨਹੀਂ ਸਕਦਾ । ਉਹ ਆਪਣੇ ਗੁਰਦੇਵ ਦੇ ਬਚਨਾਂ ਵਿਚ ਪੂਰਨ ਵਿਸ਼ਵਾਸ ਰਖਦਾ ਹੈ, ਗੁਰਬਾਣੀ ਨੂੰ ਸਤਿ ਸਮਝਦਾ ਹੈ ਪਰ ਆਪਣੇ ਵਿਸ਼ਵਾਸ ਨੂੰ ਅੰਧ-ਵਿਸ਼ਵਾਸ ਨਾਲ ਕਦੇ ਨਹੀਂ ਰਲਾਉਂਦਾ । ਉਹ ਗੁਰੂ ਦੇ ਹਰ ਬਚਨ ਨੂੰ ਅਕਲਮੰਦ ਅਤੇ ਹੋਣਹਾਰ ਸ਼ਿਸ਼ ਦੀ ਤਰ੍ਹਾਂ ਪੂਰੇ ਤੌਰ ਤੇ ਸਮਝਣ ਦੀ ਕੋਸ਼ਿਸ਼ ਕਰਦਾ ਹੈ । ਉਸ ਨੂੰ ਪਤਾ ਹੁੰਦਾ ਹੈ ਕਿ ਜਦ ਤਕ ਸਮਝ (ਨਦਏਰ-ਸਟਓਨਦਨਿਗ) ਠੀਕ ਨਾ ਹੋਵੇ, ਗਿਆਨ ਪ੍ਰਾਪਤ ਨਾ ਹੋਵੇ, ਇਨਸਾਨ ਦੇ ਕਰਮ ਠੀਕ ਤੌਰ ਤੇ ਦਰੁਸਤ ਨਹੀਂ ਹੋ ਸਕਦੇ । ਇਸ ਵਾਸਤੇ ਉਹ ਗੁਰੂ ਦੇ ਬਚਨਾਂ ਦੀ ਸੱਚਾਈ ਨੂੰ ਅਟੱਲ ਮੰਨਦਾ ਹੋਇਆ ਵੀ ਉਨ੍ਹਾਂ ਨੂੰ ਸਮਝਣ ਦੀ, ਵਰਤੋਂ ਵਿਚ ਲਿਆਉਣ ਦੀ ਅਜ਼ਮਾਇਸ਼ ਦੀ ਕਸੌਟੀ ਤੇ ਲਾ ਕੇ ਦੇਖਣ ਦੀ ਦਲੇਰੀ ਰਖਦਾ ਹੈ ।

**ਸਿੱਖ ਦਾ ਸਬਰ** – ਸਿਖ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਜਿਸ ਚੀਜ਼ ਦੀ ਉਹ ਖੋਜ ਕਰਨੀ ਚਾਹੁੰਦਾ ਹੈ, ਉਹ ਦੁਨੀਆਂ ਦੀਆਂ ਸਭ ਖੋਜਾਂ ਤੋਂ ਮੁਸ਼ਕਲ ਖੋਜ ਹੈ, ਕਾਹਲੀ ਤੇ ਜਲਦਬਾਜ਼ੀ ਨਾਲ ਕੰਮ ਨਹੀਂ ਚਲਣਾ, ਇਸ ਲਈ ਉਸ ਦਾ ਸਬਰ ਪਹਾੜ ਵਰਗਾ ਦ੍ਰਿੜ੍ਹ ਤੇ ਗੰਭੀਰ ਹੁੰਦਾ ਹੈ । ਉਸ ਵਿਚ ਇੰਤਜ਼ਾਰ ਕਰਨ ਦੀ ਪੂਰਨ ਸ਼ਕਤੀ ਹੁੰਦੀ ਹੈ । ਉਹ ਜਿਥੇ ਆਪਣੇ ਗੁਰਦੇਵ ਦੇ ਬਚਨਾਂ ਨੂੰ ਨਹੀਂ ਸਮਝਦਾ ਉਥੇ ਠਹਿਰ ਜਾਂਦਾ ਹੈ । ਹੱਥ ਜੋੜ੍ਹ ਕੇ ਨਿਰਮਾਣ ਹੋ ਕੇ, ਹਾੜੇ ਪਾ ਕੇ, ਭੁਬਾਂ ਮਾਰ ਕੇ ਸਮਝਣ ਵਾਸਤੇ, ਰੌਸ਼ਨੀ ਵਾਸਤੇ ਰਹਿਨੁਮਾਈ ਵਾਸਤੇ ਪ੍ਰਾਰਥਨਾ ਕਰਦਾ ਹੈ ਅਤੇ ਸੰਤੋਖ ਨਾਲ ਆਪਣੀ ਪ੍ਰਾਰਥਨਾ ਦੇ ਅਸਰ ਜਾਂ ਫਲ ਦੀ ਉਡੀਕ ਕਰਦਾ ਹੈ । ਉਹ ਜਾਣਦਾ ਹੈ ਕਿ ਉਸ ਦੀ ਅਵਸਥਾ ਅਨੁਸਾਰ ਉਸ ਨੂੰ ਵਾਹਿਗੁਰੂ ਦੇ ਅਪਾਰ ਭੰਡਾਰ ਵਿਚੋਂ ਜ਼ਰੂਰ ਰੌਸ਼ਨੀ ਆਉਣੀ ਹੈ । ਵਾਹਿਗੁਰੂ ਦੇ ਘਰ ਵਿਚ ਕਿਸੇ ਗਲ ਦਾ ਘਾਟਾ ਨਹੀਂ ਪਰ ਹਰ ਇਕ ਪੁਰਸ਼ ਨੂੰ ਉਸ ਦੇ ਹਾਲਾਤ ਮੁਜਬ, ਜਾਇਜ਼ ਜ਼ਰੂਰਤ ਅਨੁਸਾਰ ਦਾਤਾਂ ਮਿਲਦੀਆਂ ਹਨ । ਇਸ ਵਾਸਤੇ, ਸਿਖ ਸਚੇ ਆਸ਼ਕਾਂ ਵਾਂਗਰ ਇੰਤਜ਼ਾਰ ਦੀ ਤਾਕਤ ਰਖਦਾ ਹੈ ਹਾਫਿਜ਼ ਸ਼ੀਰਾਜ਼ੀ ਦੇ ਕਥਨ ਅਨੁਸਾਰ 'ਰੋਜ਼ੇ ਬਰਸੀ ਬਵੱਸਲ ਹਾਫਿਜ਼-ਗਰ ਤਾਕਤੇ ਇੰਤਜ਼ਾਰ ਦਾਰੀ' ਉਹ ਜਾਣਦਾ ਹੈ ਕਿ ਉਸ ਨੇ ਮਾਨਸ ਤੋਂ ਦੇਵਤਾ ਬਣਨਾ ਹੈ ਅਤੇ ਇਹਨਾਂ ਦੋਹਾਂ ਹਾਲਤਾਂ ਵਿਚ ਜ਼ਮੀਨ ਆਸਮਾਨ ਦਾ ਜੋ ਫਾਸਲਾ ਹੈ, ਉਹ ਉਸ ਨੇ ਤੈਅ ਕਰਨਾ ਹੈ ਅਤੇ ਇਹ ਤਬਦੀਲੀ ਇਕ ਦੋ ਦਿਨਾਂ ਦਾ ਕੰਮ ਨਹੀਂ, ਇਹ ਜੀਵਨ ਭਰ ਵਿਚ ਵੀ ਸਿਰੇ ਚੜ੍ਹ ਜਾਵੇ ਤਾਂ ਖੁਸ਼ ਕਿਸਮਤੀ ਹੈ । ਇਸ ਵਾਸਤੇ ਉਹ ਧੀਰਜ ਤੇ ਭਰੋਸੇ ਨੂੰ ਆਪਣੇ ਸਫਰ ਦੇ ਪੱਕੇ ਸਾਥੀ ਬਣਾਈ ਰਖਦਾ ਹੈ ।

**ਸਿੱਖ ਸੱਚਾ ਸਿਪਾਹੀ ਹੈ** – ਸਿਖ ਨਾ-ਕਾਮਯਾਬੀਆਂ ਤੋਂ ਘਬਰਾਉਂਦਾ ਨਹੀਂ, ਬਲਕਿ ਮੁਕਾਬਲਾ ਕਰ ਕੇ ਉਹਨਾਂ ਨੂੰ ਜਿੱਤਦਾ ਹੈ । ਖੰਡੇ ਦਾ ਅੰਮ੍ਰਿਤ ਉਸ ਨੂੰ ਸਹੀ ਅਰਥਾਂ ਵਿਚ ਪੂਰਾ ਸਿਪਾਹੀ ਬਣਾ ਦਿੱਦਾ ਹੈ । ਸ਼ਸਤਰ ਫੜ ਕੇ ਝੂਠ, ਜ਼ੁਲਮ, ਬੇ-ਇਨਸਾਫ਼ੀ ਨਾਲ ਲੜਨ ਦੀ ਵੀ ਸਮਰਥਾ ਰਖਦਾ ਹੈ ਅਤੇ ਆਪਣੇ ਮਨ ਨਾਲ, ਮਨ ਦੀਆਂ ਕਮਜ਼ੋਰੀਆਂ ਤੋਂ ਪੈਦਾ ਹੋਈਆਂ ਅਨੇਕਾਂ ਮੁਸੀਬਤਾਂ ਨਾਲ ਵੀ ਅਠੇ ਪਹਿਰ ਜੁਟਿਆ ਰਹਿੰਦਾ ਹੈ । ਪਾਪ ਦੀਆਂ ਮੋਹਣੀਆਂ ਫੌਜਾਂ ਨੂੰ ਕਟਦਾ, ਟੁਕੜੇ ਟੁਕੜੇ ਕਰਦਾ ਤੇ ਪੈਰਾਂ ਹੇਠ ਲਤਾੜਦਾ ਅਗੇ ਤੁਰੀ ਜਾਂਦਾ ਹੈ । ਸਿਖ ਦਾ ਮਨ ਰਣਭੂਮੀ ਹੁੰਦਾ ਹੈ, ਜਿਸ ਵਿਚ ਉਹ ਆਪਣੇ ਪੁਰਾਣੇ ਸਦੀਆਂ ਤੋਂ ਬਣੇ ਹੋਏ ਮਾਨਸੀ ਸੁਭਾਵ ਨਾਲ ਹਰ ਵੇਲੇ ਯੁੱਧ ਕਰਦਾ ਹੈ, ਹਰ ਵੇਲੇ ਖਟਾ-ਪਟੀ ਰਖਦਾ ਹੈ । ਸਿਖ ਵਾਸਤੇ ਨਿਡਰ ਹੋਣਾ, ਹਿੰਮਤੀ ਹੋਣਾ ਅਤੇ ਸੱਚ ਵਾਸਤੇ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋਣਾ ਜ਼ਰੂਰੀ ਹੈ । ਸੱਚ ਸਭ ਕੁਝ ਦੀ ਕੁਰਬਾਨੀ ਮੰਗਦਾ ਹੈ, ਕਿਉਂਕਿ ਜਿਥੇ ਸੱਚ ਹੋਵੇ ਉਥੇ ਹੋਰ ਕੁਝ ਰਹਿ ਹੀ ਨਹੀਂ ਸਕਦਾ ।

**ਸਿੱਖ ਦਾ ਆਦਰਸ਼** – ਸਿਖ ਵਾਸਤੇ ਅੰਮ੍ਰਿਤ ਛਕਣਾ, ਰਹਿਤ ਰਖਣੀ, ਗੁਰਬਾਣੀ ਪੜ੍ਹਨੀ, ਕੀਰਤਨ ਕਰਨਾ-ਸੁਣਨਾ, ਸਭ ਕੁਝ ਜ਼ਰੂਰੀ ਹੈ, ਪਰ ਸਿਖ ਨੂੰ ਇਹ ਵੀ ਪਤਾ ਹੋਣਾ ਜ਼ਰੂਰੀ ਹੈ ਕਿ ਇਹ ਸਭ ਕੁਝ ਜ਼ਰੀਏ ਹਨ, ਮਕਸਦ ਨਹੀਂ, ਪੌੜੀਆਂ ਹਨ, ਛੱਤ ਨਹੀਂ, ਸਫਰ ਹੈ, ਮੰਜ਼ਲ ਨਹੀਂ। ਸਿੱਖ ਦੀ ਅਸਲੀ ਰੀਝ ਤੇ ਤ੍ਰਿਸ਼ਨਾ ਵਾਹਿਗੁਰੂ ਦੇ ਦਰਸ਼ਨ, ਵਾਹਿਗੁਰੂ ਦੀ ਸਮਝ, ਵਾਹਿਗੁਰੂ ਵਿਚ ਲੀਨਤਾ ਤੇ ਵਾਹਿਗੁਰੂ ਰੂਪ ਹੋ ਕੇ ਵਾਹਿਗੁਰੂ ਵਿਚ ਸਮਾਂ ਜਾਣਾ ਹੈ । ਜਿਸ ਪੁਰਸ਼ ਨੂੰ ਆਪਣੇ ਮਨੋਰਥ ਦਾ, ਮਕਸਦ ਦਾ, ਨਿਸ਼ਾਨੇ ਦਾ, ਸਾਫ ਤੌਰ ਤੇ ਪਤਾ ਹੋਵੇ, ਉਹ ਨਿਸਚੇ ਹੀ ਕਦੀ ਨਾ ਕਦੀ ਉਥੇ ਅੱਪੜ ਪੈਂਦਾ ਹੈ ।

ਮੈਂ ਪਹਿਲੇ ਪਹਿਲ ਇਤਿਹਾਸ ਪੜ੍ਹਨਾ, ਸ਼ਹੀਦੀਆਂ ਸੁਣਨੀਆਂ, ਗੁਰਸਿਖੀ ਸਮਝਦਾ ਸਾਂ ਅਤੇ ਗੁਰਬਾਣੀ ਪੜ੍ਹਨ ਵਾਲੇ, ਨਾਮ-ਅਭਿਆਸੀਆਂ ਨੂੰ ਮਖੌਲ ਕਰਦਾ ਹੁੰਦਾ ਸਾਂ । ਜਿਉਂ ਜਿਉਂ ਮੈਨੂੰ ਰੂਹਾਨੀ ਹੋਸ਼ ਆਉਂਦੀ ਗਈ, ਮੈਂ ਇਤਿਹਾਸ ਨਾਲੋਂ ਵਧੇਰੇ ਰਸ ਗੁਰਬਾਣੀ ਵਿਚ ਮਾਨਣਾ ਸ਼ੁਰੂ ਕੀਤਾ । ਕੀਰਤਨ ਸੁਣਨ, ਪਾਠ ਕਰਨ, ਗੁਰਦੁਆਰੇ ਜਾ ਕੇ ਮੱਥਾ ਟੇਕਣ ਜਾਂ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੋਜ਼ਾਨਾ ਦਰਸ਼ਨ ਕਰਨ ਵਿਚ ਮੇਰੀ ਬੜੀ ਤਸੱਲੀ ਹੁੰਦੀ ਸੀ, ਪਰ ਮੇਰੀ ਪੂਰੀ ਤਸੱਲੀ ਏਥੇ ਵੀ ਨਾ ਹੋਈ । ਮੇਰੀ ਆਤਮਾ ਇਸ ਸਭ ਕੁਝ ਨੂੰ ਕਬੂਲ ਕਰਨ ਮਗਰੋਂ ਵੀ ਤ੍ਰਿਪਤ ਤੇ ਪ੍ਰਸੰਨ ਨਹੀਂ ਸੀ ਹੁੰਦੀ, ਭੁਖੀ ਹੀ ਰਹਿੰਦੀ ਸੀ । ਮੇਰੀ ਆਤਮਾ ਕੋਈ ਅਟੱਲ ਸੁਖ ਭਾਲਦੀ ਸੀ

**ਗਉੜੀ ਮਹਲਾ ੫ (ਅੰਕ ੨੪੦)**

ਆਦਿ ਮਧਿ ਜੋ ਅੰਤਿ ਨਿਬਾਰੈ । ਸੋ ਸਾਜਨੁ ਮੇਰਾ ਮਨੁ ਚਾਹੈ ।੧।
ਹਰਿ ਕੀ ਪ੍ਰੀਤਿ ਸਦਾ ਸੰਗਿ ਚਾਲੈ । ਦਇਆਲ ਪੁਰਖ ਪੂਰਨ ਪ੍ਰਤਿਪਾਲੈ ॥੧॥ ਰਹਾਉ ॥
ਬਿਨਸਤ ਨਾਹੀ ਛੋਡਿ ਨ ਜਾਇ । ਜਹ ਪੇਖਾ ਤਹ ਰਹਿਆ ਸਮਾਇ ॥੨ ॥
ਸੁੰਦਰੁ ਸੁਘੜੁ ਚਤੁਰੁ ਜੀਅ ਦਾਤਾ । ਭਾਈ ਪੂਤੁ ਪਿਤਾ ਪ੍ਰਭੁ ਮਾਤਾ ॥੩ ॥
ਜੀਵਨ ਪ੍ਰਾਨ ਅਧਾਰ ਮੇਰੀ ਰਾਸਿ । ਪ੍ਰੀਤਿ ਲਾਈ ਕਰਿ ਰਿਦੈ ਨਿਵਾਸਿ ॥੪ ॥
ਮਾਇਆ ਸਿਲਕ ਕਾਟੀ ਗੋਪਾਲਿ । ਕਰਿ ਅਪੁਨਾ ਲੀਨੋ ਨਦਰਿ ਨਿਹਾਲਿ ॥੫ ॥
ਸਿਮਰਿ ਸਿਮਰਿ ਕਾਟੇ ਸਭਿ ਰੋਗ । ਚਰਣ ਧਿਆਨ ਸਰਬ ਸੁਖ ਭੋਗ ॥੬॥
ਪੂਰਨ ਪੁਰਖੁ ਨਵਤਨੁ ਨਿਤ ਬਾਲਾ । ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥੭॥
ਕਹੁ ਨਾਨਕ ਹਰਿ ਹਰਿ ਪਦੁ ਚੀਨ । ਸਰਬਸੁ ਨਾਮੁ ਭਗਤ ਕਉ ਦੀਨ ॥੮ ॥੧੧॥

ਮੈਂ ਫਿਰ ਗੁਰਬਾਣੀ ਦਾ ਪਾਠ ਕੁਝ ਹੋਰ ਤਰੀਕੇ ਅਨੁਸਾਰ ਕਰਨਾ ਸ਼ੁਰੂ ਕੀਤਾ । ਪੰਜ ਸੱਤ ਗੁਰੂ ਗ੍ਰੰਥ ਸਾਹਿਬ ਦੇ ਪਾਠ ਪਿਆਰ ਨਾਲ, ਸਮਝ ਸਮਝ ਕੇ ਕਰਨ ਦੇ ਬਾਅਦ ਮੈਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਵਿਸ਼ੇਸ਼ਤਾ ਨਾਲ ਦੱਸੀਆਂ ਹੋਇਆਂ ਦੋ ਚੀਜ਼ਾਂ ਲੱਭੀਆਂ : ਇਕ 'ਵਾਹਿਗੁਰੂ', ਦੂਸਰੀ ਉਸ ਦੀ ਪ੍ਰਾਪਤੀ ਦਾ ਸਾਧਨ 'ਨਾਮ' । ਮੈਂ ਇਹ ਨਹੀਂ ਕਹਿ ਸਕਦਾ ਕਿ ਇਹ ਕੋਈ ਆਸਾਨ ਕੰਮ ਜਾਂ ਸੌਖਾ ਰਸਤਾ ਸੀ, ਪਰ ਇਸ ਦੇ ਜ਼ਰੀਏ ਜੋ ਮੈਨੂੰ ਸ਼ਾਂਤੀ ਖੁਸ਼ੀ ਤੇ ਆਨੰਦ ਹਾਸਲ ਹੋਏ ਹਨ, ਉਹਨਾਂ ਦੇ ਮੁਕਾਬਲੇ ਵਿਚ ਆਪਣੀ ਸਾਰੀ ਮਿਹਨਤ, ਸਾਰੀ ਘਾਲ, ਸਾਰੀ ਕੋਸ਼ਿਸ਼ ਤੁਛ ਸਮਝਦਾ ਹਾਂ, ਮੈਨੂੰ ਕੌਡੀ ਬਦਲੇ ਲਾਲ ਮਿਲਿਆ ਹੈ । ਜਦ ਮੈਂ ਦੁਨੀਆਂ ਦੇ ਲੋਕਾਂ ਨੂੰ ਤੁਛ ਤੇ ਆਰਜ਼ੀ ਮਾਇਕ ਸੁਖਾਂ ਵਾਸਤੇ ਇਤਨੀ ਘਾਲਣਾ ਘਾਲਦੇ ਦੇਖਦਾ ਹਾਂ ਤਾਂ ਆਪਣੇ ਆਪ ਨੂੰ ਉਹਨਾਂ ਦੇ ਮੁਕਾਬਲੇ ਵਿਚ ਤੁਛ ਕੋਸ਼ਿਸ਼ ਦੇ ਬਦਲੇ ਐਡੀ ਵਡਮੁਲੀ ਦਾਨ ਮਿਲਣ ਉਤੇ ਆਪਣੇ ਧੰਨਭਾਗ ਸਮਝਦਾ ਹਾਂ ।

ਧੰਨਵਾਦਿ ਸਹਿਤ

ਪੁਸਤਕ ਬੰਦਗੀ ਨਾਮਾ ਵਿਚੋਂ

# ਰਾਗ ਸੋਰਠ

**ਪ੍ਰੋ. ਜਸਵਿੰਦਰ ਸਿੰਘ, 98141-85854**

ਥਾਟ-ਖਮਾਜ ਸੁਰ -ਦੋਵੇਂ ਨਿਸ਼ਾਦ ਬਾਕੀ ਸ਼ੁਧ ਵਰਜਿਤ ਸੁਰ-ਆਰੋਹ ਵਿੱਚ ਗ, ਧ ਅਤੇ ਅਵਰੋਹ ਵਿੱਚ ਗੰਧਾਰ

ਜਾਤੀ - ਔੜਵ-ਸ਼ਾੜਵ ਵਾਦੀ-ਰਿਸ਼ਭ ਸੰਵਾਦੀ-ਧੈਵਤ ਸਮਾਂ-ਰਾਤ ਦਾ ਦੂਜਾ ਪਹਿਰ ।

ਆਰੋਹ-ਸ ਰੇ, ਮ ਪ, ਨੀ ਸੰ ।

ਅਵਰੋਹ-ਸੰ ਰੇਂ ਨ਼ੀ ਧ, ਮ ਪ ਧ ਮ ਰੇ .ਨੀ ਸ ।

ਪਕੜ-ਸ ਰੇ, ਮ ਪ ਨ਼ੀ ਧ, ਪ ਧ ਮ ਰੇ .ਨੀ ਸ ।

## ਰਾਗ ਸੋਰਠ ਤਾਲ ਦਾਦਰਾ ਮੱਧ ਲੈਅ

| 1<br>x | 2 | 3 | 4<br>0 | 5 | 6 | | 1<br>x | 2 | 3 | 4<br>0 | 5 | 6 |
|---|---|---|---|---|---|---|---|---|---|---|---|---|
| ਮਪ<br>ਪ੍ਰਭ | ਨੀ<br>ਜੀ | ਸੰਰੇਂ<br>ਉs | ਨ਼ੀਨ਼ੀ<br>ਖਸ | ਧ<br>ਮਾ | ਪ<br>ਨਾ | | ਮਮ<br>ਸੁਨ | ਪ<br>ਹੁ | ਨੀ<br>ਬਿ | ਸੰ<br>ਨੰ | ਰੇਂਨੀ<br>ss | ਸੰ<br>ਤੀ |
| ਮ<br>ਕ | ਪ<br>ਰਿ | ਧ<br>s | ਮਮ<br>ਪਿਆ | ਮਰੇ<br>ਰੇs | ਰੇ<br>s | | ਮਪ<br>ਠਾs | ਨੀਸੰ<br>ਕੁs | ਰੇਂ<br>ਰ | ਨ਼ੀ<br>ਮੇ | ਧ<br>ਰੇ | ਪ<br>s |
| ਨ਼ੀਨ਼ੀ<br>ਬੁਰੇ | ਧ<br>s | ਪ<br>ਭ | ਧ<br>ਲੇ | ਮ<br>ਹ | ਰੇ<br>ਮ | | ਰੇਂਰੇਂ<br>ਜੀਅ | ਮੰ<br>s | ਰੇਂ<br>s | ਸੰ<br>ਜੰ | ਨੀ<br>s | ਸੰ<br>ਤ |
| ਸ<br>ਥਾ | ਰੇ<br>s | .ਨੀ<br>s | ਸ<br>ਰੇ | ਸ<br>s | ਸ<br>s | | ਪ<br>ਤੇ | ਪ<br>s | ਧ<br>ਰੇ | ਮ<br>ਧਾ | ਮਰੇ<br>ਰੇs | ਰੇ<br>s |

ਪੰਨਾ – ੬੩੧ ॥ ਸੋਰਠਿ ਮਹਲਾ ੫ ॥ ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ ॥ ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ ॥੧॥ ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥ ਬੁਰੇ ਭਲੇ ਹਮ ਥਾਰੇ ॥ ਰਹਾਉ ॥ ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ ॥ ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ ॥ ੨॥੨੯॥੯੩॥

ਅਰਥ:- ਹੇ ਪਿਆਰੇ ਪ੍ਰਭੂ ਜੀ ! (ਤੂੰ ਸਾਡਾ ਖਸਮ ਹੈਂ) ਖਸਮ ਵਾਲਾ ਫ਼ਰਜ਼ ਪੂਰਾ ਕਰ । (ਚਾਹੇ ਅਸੀ) ਭੈੜੇ ਹਾਂ (ਚਾਹੇ ਅਸੀ) ਚੰਗੇ ਹਾਂ, ਅਸੀ ਤੇਰੇ ਹੀ ਹਾਂ (ਸਾਡੇ ਵਿਕਾਰਾਂ ਦੇ ਬੰਧਨ ਕੱਟ ਦੇ) ।ਰਹਾਉ। ਹੇ ਮੇਰੇ ਠਾਕੁਰ ! ਹੇ ਸਭ ਕੁਝ ਕਰ ਸਕਣ ਤੇ ਕਰਾ ਸਕਣ ਵਾਲੇ ਪ੍ਰਭੂ ! (ਮੇਰੀ) ਬੇਨਤੀ ਸੁਣ । ਸਾਰੇ ਨਿੱਕੇ ਵੱਡੇ ਜੀਵ ਤੇਰੇ ਹੀ ਆਸਰੇ ਹਨ (ਤੇਰਾ ਨਾਮ ਹੈ 'ਸ਼ਰਨ-ਜੋਗ' । ਅਸੀ ਜੀਵ ਤੇਰੇ ਹੀ ਆਸਰੇ ਹਾਂ) ਤੂੰ ਆਪਣੇ (ਇਸ) ਨਾਮ ਦੀ ਲਾਜ ਰੱਖ (ਤੇ, ਸਾਡੇ ਮਾਇਆ ਦੇ ਬੰਧਨ ਕੱਟ) ।੧। ਹੇ ਨਾਨਕ ! (ਆਖ—ਹੇ ਭਾਈ ! ਜਿਨ੍ਹਾਂ ਸੇਵਕਾਂ ਦੀ) ਪੁਕਾਰ ਸਭ ਤਾਕਤਾਂ ਦੇ ਮਾਲਕ ਪ੍ਰਭੂ ਨੇ ਸੁਣ ਲਈ, ਉਹਨਾਂ ਦੇ (ਮਾਇਆ ਦੇ) ਬੰਧਨ ਕੱਟ ਕੇ ਪ੍ਰਭੂ ਨੇ ਉਹਨਾਂ ਦੇ ਜੀਵਨ ਸੋਹਣੇ ਬਣਾ ਦਿੱਤੇ । ਉਹਨਾਂ ਸੇਵਕਾਂ ਨੂੰ ਦਾਸਾਂ ਨੂੰ ਆਦਰ-ਮਾਣ ਦੇ ਕੇ ਆਪਣੇ ਚਰਨਾਂ ਵਿਚ ਮਿਲਾ ਲਿਆ, ਤੇ, ਸੰਸਾਰ ਵਿਚ ਉੱਘੇ ਕਰ ਦਿੱਤਾ ।੨।੨੯।੯੩।

## ਗਤੀਵਿਧੀਆਂ ਦਸੰਬਰ 2014 :-

1. **ਛੋਟੇ ਸਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਨੂੰ ਸਮਰਪਿਤ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ:-** ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਨਗਰ ਕੀਰਤਨ ਮਿਤੀ 21-12-2014 (ਐਤਵਾਰ) ਨੂੰ ਖਰੜ ਤੋਂ ਫ਼ਤਹਿਗੜ ਸਾਹਿਬ ਤੱਕ ਕੱਢਿਆ ਗਿਆ ਤੇ ਇਸ ਸਬੰਧ ਵਿੱਚ ਖਰੜ ਦੇ ਸਾਰੇ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਸਮਾਗਮ ਦੀ ਲੜੀ ਕਰਵਾਈ ਗਈ। ਇਸ ਲੜੀ ਵਿੱਚ ਹੀ ਮਿਤੀ 16-12-2014 ਨੂੰ ਗੁਰਦੁਆਰਾ ਸਾਹਿਬ ਗੁਰਮਤਿ ਪ੍ਰਸਾਰ ਭਵਨ ਵਿਖੇ ਗੁਰਮਤਿ ਸਮਾਗਮ ਹੋਏ ਜਿਸ ਵਿੱਚ ਭਾਈ ਹਰਪ੍ਰੀਤ ਸਿੰਘ ਖਰੜ ਨੇ ਕੀਰਤਨ ਦੀ ਸੇਵਾ ਨਿਭਾਈ ਤੇ ਗਿਆਨੀ ਜਸਵੀਰ ਸਿੰਘ ਵੇਰਕਾ ,ਹੈੱਡ ਗ੍ਰੰਥੀ ਗੁਰਦੁਆਰਾ ਸਾਹਿਬ ਸੈਕਟਰ 8 , ਚੰਡੀਗੜ ਨੇ ਕਥਾ ਦੀ ਸੇਵਾ ਨਿਭਾਈ।ਸਮਾਪਤੀ ਤੇ ਗੁਰ ਕੇ ਲੰਗਰ ਅਤੁੱਟ ਵਰਤਾਏ ਗਏ।




ਕੀਰਤਨ: ਭਾਈ ਹਰਪ੍ਰੀਤ ਸਿੰਘ ਖਰੜ



ਗੁਰਮਤਿ ਵਿਚਾਰਾਂ: ਗਿਆਨੀ ਜਸਬੀਰ ਸਿੰਘ ਵੇਰਕਾ ਹੈਡ ਗ੍ਰੰਥੀ ਸੈਕਟਰ 8, ਚੰਡੀਗੜ੍ਹ



ਕੀਰਤਨ: ਭਾਈ ਸੁਖਵਿੰਦਰ ਸਿੰਘ



ਕੀਰਤਨ: ਭਾਈ ਰਣਜੀਤ ਸਿੰਘ





ਸਮਾਗਮ ਵਿੱਚ ਜੁੜਦੀਆਂ ਸੰਗਤਾਂ

2. **ਚਾਰੇ ਸ਼ਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ:-** ਚਾਰੇ ਸ਼ਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 26-12-2014 ਦਿਨ ਸੁੱਕਰਵਾਰ ਨੂੰ ਸ਼ਾਮ 6.00 ਵਜੇ ਤੋਂ 8.30 ਵਜੇ ਤੱਕ ਹੋਏ। ਜਿਸ ਵਿੱਚ ਭਾਈ ਪਵਨਦੀਪ ਸਿੰਘ ,ਭਾਈ ਬਲਵਿੰਦਰ ਸਿੰਘ ,ਭਾਈ ਜੀਵਨ ਜੋਤ ਸਿੰਘ ਨੇ ਕੀਰਤਨ ਦੀ ਸੇਵਾ ਨਿਭਾਈ , ਭਾਈ ਸੁਖਵਿੰਦਰ ਸਿੰਘ ਤੇ ਸਾਥੀਆਂ ਨੇ ਕਵੀਸ਼ਰੀ ਦੀ ਤੇ ਭਾਈ ਰਣਜੀਤ ਸਿੰਘ ਨੇ ਕਥਾਂ ਰਾਹੀ ਸੇਵਾ ਨਿਭਾਈ।ਸਮਾਪਤੀ ਤੇ ਗੁਰ ਕੇ ਲੰਗਰ ਅਤੁੱਟ ਵਰਤਾਏ ਗਏ।



ਕੀਰਤਨ: ਭਾਈ ਪਵਨਦੀਪ ਸਿੰਘ



ਕੀਰਤਨ: ਭਾਈ ਜੀਵਨਜੋਤ ਸਿੰਘ



ਕੀਰਤਨ: ਭਾਈ ਬਲਵਿੰਦਰ ਸਿੰਘ



ਗੁਰਮਤਿ ਵਿਚਾਰਾਂ: ਭਾਈ ਰਣਜੀਤ ਸਿੰਘ



ਸਮਾਗਮ ਵਿੱਚ ਸੰਗਤਾਂ



ਕਵੀਸ਼ਰੀ: ਭਾਈ ਸੁਖਵਿੰਦਰ ਸਿੰਘ ਅਤੇ ਸਾਥੀ

## ੩. ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੂਰਬ :-

1. ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦੀ ਅਰੰਭਤਾ ਗੁਰਦੁਆਰਾ ਸਾਹਿਬ ਗੁਰਮਤਿ ਪ੍ਰਸਾਰ ਭਵਨ ਵਿਖੇ ਤੋਂ 20-12-2014 ਨੂੰ ਹੋਈ ਜਿਸ ਦੀ ਸਮਾਪਤੀ 27-12-2014 ਨੂੰ ਕੀਤੀ ਗਈ। ਸੰਗਤਾ ਨੇ ਵੱਡੀ ਗਿਣਤੀ ਵਿੱਚ ਹਰ ਰੋਜ਼ ਹਾਜ਼ਰੀਆਂ ਭਰੀਆਂ।




2. ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 28-12-2014 ( ਐਤਵਾਰ) ਨੂੰ ਸਵੇਰੇ 5.00 ਵਜੇ ਤੋਂ 10.30 ਵਜੇ ਤੱਕ ਗੁਰਮਤਿ ਸਮਾਗਮ ਹੋਏ ਜਿਸ ਵਿੱਚ ਭਾਈ ਬਲਵਿੰਦਰ ਸਿੰਘ ,ਭਾਈ ਕੁਲਦੀਪ ਸਿੰਘ,ਭਾਈ ਰਵਿੰਦਰ ਸਿੰਘ ਨੇ ਇਲਾਹੀ ਬਾਣੀ ਦੇ ਕੀਰਤਨ ਕੀਤੇ ,ਭਾਈ ਜਤਿੰਦਰ ਸਿੰਘ ਨੇ ਕਵੀਸ਼ਰੀ ਦੀ ਤੇ ਭਾਈ ਜਗਜੀਤ ਸਿੰਘ ਨੇ ਗੁਰਮਤਿ ਵਿਚਾਰਾ ਰਾਹੀ ਸੇਵਾ ਨਿਭਾਈ। ਸਮਾਪਤੀ ਤੇ ਗੁਰ ਕੇ ਲੰਗਰ ਅਤੁੱਟ ਵਰਤਾਏ ਗਏ।



ਗੁਰਮਤਿ ਵਿਚਾਰਾਂ: ਭਾਈ ਜਗਜੀਤ ਸਿੰਘ



# ਗੁਰਮਤਿ ਸਮਾਗਮ ਜਨਵਰੀ 2015

## ਨਾਨਕਸ਼ਾਹੀ ਜੰਤਰੀ ਅਨੁਸਾਰ ਮਾਘ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-1-2015 ਦਿਨ ਬੁੱਧਵਾਰ ਨੂੰ ਸ਼ਾਮ 6.00 ਤੋਂ 8.30 ਵਜੇ ਤੱਕ **"ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥"** ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਜਾਵੇਗਾ ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

# ਧੰਨਵਾਦਿ :

## ਦਸੰਬਰ 2014 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

| | | |
|---|---|---|
| 1. | S. Harinder Singh #1301/Sec. 44B | 1000/- |
| 2. | S. D.P Singh #393/Ph 9/Mohali | 11,000/- |
| 3. | Dr. Saranjit Singh #2817/Ph 7 | 2000/- |
| 4. | Bibi Manjit Kaur Bindra Sec. 34D | 500/- |
| 5. | S. Jagteshwar Singh HUF Sec. 69 | 15,000 |
| 6. | Col. H.S Uppal #306/Sec 33A | 40,000/- |
| 7. | All Indian Sikh Federation(Regd.) D-9 Green Park Extn. New Delhi | 21,000/- |
| 8. | Bibi Surjit Kaur #1444/Sec 34C | 2000/- |
| 9. | Bibi Harbhajan Kaur New Delhi | 50,000/- |
| 10. | Dr. Satwant Singh Aastha Enclave Kharar | 300/- |
| 11. | S. Tajinder Singh/ Mundi Kharar | 200/- |
| 12. | S. Harjinder Singh Mundi Kharar | 100/- |
| 13. | S. Amarjit Singh Mundi Kharar | 100/- |
| 14. | Satkar Properties Mundi Kharar | 1000/- |
| 15. | S. Mohinder Singh Sudan Sec. 33C | 500/- |
| 16. | Bibi Harpreet Kaur Mundi Kharar | 250/- |
| 17. | Bibi Surinderjit Kaur M.Kharar | 100/ |
| 18. | Bibi Daljit Kaur Oberoi Sec 33A | 4000/- |
| 19. | Bibi Amrita Pritam Kaur Sec 45C | 2100/- |
| 20. | Baba Ji #1444/Sec. 34C/Chd | 500/- |
| 21. | Dr. Paramjit Singh & Family/ Pind Malakpur/ Distt. Ludhiana | 21000/- |
| 22. | Bibi Parkash Kaur Ph 3BI/Mohali | 5000/- |
| 23. | Gurbani Is Jag Mein Chanan Plot No. 6/ Phase 3A/ Mohali | 2100/ |
| 24. | Sahib Medical Store/ Sec. 38C/Chd | 500/- |
| 25. | Sardar Sahib/ Mundi Kharar | 100/- |
| 26. | Sahiba Mundi Kharar | 100/- |
| 27. | Kanwaljit Singh Mundi Kharar | 100/- |
| 28. | S. Lakhwinder Singh / M.Kharar | 100/ |
| 29. | S. Narinder Bir Singh Sec 34C/Chd | 500/- |
| 30. | S. D.P Singh #393/Phase 9/Mohali | 100/- |
| 31. | S. Preetinder Singh Sec. 44A | 15000/- |
| 32. | Mata Jagjit Kaur Sec. 70 | 1100/- |
| 33. | S. Surinder Singh Housefed Mohali | 200/- |
| 34. | Bibi. Rajleen Kaur Phase II | 500/- |
| 35. | Bibi. Harleen Kaur Naya Goan, | 500/- |
| 36. | Bibi. Harpreet Kaur #461/Sec44A | 500/- |
| 37. | Bibi Gurdeep Kaur #461/Sec.44A | 500/- |
| 38. | Dr. Saranjit Singh Phase 7 | 2000/- |
| 39. | Sewak Charitable Trust(Regd.) SCO 1104-05 Sec. 22B,Chd | 7,500/- |
| 40. | S. Manmohan Singh Sec. 44B | 600/- |
| 41. | S. Varinder Mohan Singh Phase 6 | 100/- |
| 42. | Bibi Charanjit Kaur Phase 6 | 250/- |
| 43. | Bibi Daljit Kaur #280/Phase 6 | 200/- |
| 44. | S. R.S. Gill #29/Phase 6/Mohali | 500/- |
| 45. | S. Bhupinder Singh Phase 6 | 100/- |
| 46. | Dr. Darshanjot Kaur Phase 10 | 200/ |
| 47. | Bibi Gurleen Kaur Phase 11/Mohali | 100/- |
| 48. | Miss Pavneet Chawla Sec. 43B | 2000/- |
| 49. | S. Paramjit Singh Sec. 45A /Chd | 200/- |
| 50. | S. Gursharan Singh Sec. 45A/Chd | 200/- |
| 51. | S. Manjit Singh Sec. 45A/Chd | 100/- |
| 52. | Bibi Kuldeep Kaur Sec. 22B/Chd | 1000/- |
| 53. | S. Rajinder Singh Sec. 39B/Chd | 200/- |
| 54. | S Narinderjit Singh Sec. 40A /Chd | 800/- |
| 55. | Bibi. Balbir Kaur Sec40C /Chd | 400/- |
| 56. | Bibi. Harminder Kaur Sec18C/Chd | 200/- |
| 57. | Joggi HandloomPalika Bazar/19 | 1500/- |
| 58. | Bibi Paramjit Kaur Sec. 36C/Chd | 500/- |
| 59. | S. Bhavjeet Singh Sec. 19D/Chd | 100/- |
| 60. | Bibi Inderjit Kaur Sec.19D/Chd | 300/- |
| 61. | Bibi Basant Kaur Sec.19D/Chd | 300/- |
| 62. | S. Amarjit Singh Sec. 45A/Chd | 200/- |
| 63. | S. Kuldeep Singh Sec. 45C /Chd | 200/- |
| 64. | S. Harminder Singh Sec. 45D/Chd | 500/- |
| 65. | Bibi Mita Bakshi # 1716/Ph 5 | 100/- |
| 66. | S. Kesar Singh #3486/1/ Sec. 46C | 200/- |
| 67. | S. Manjit Singh #3313 /Sec. 46C | 400/- |
| 68. | Bibi Harsharan Kaur Sec.34C/Chd | 500/- |
| 69. | Bibi Jaswir Kaur Sec. 70/Mohali | 200/- |
| 70. | S. Manjit Singh Sec. 70/Mohali | 100/- |
| 71. | Bibi Daljit Kaur Sec. 70/Mohali | 200/- |
| 72. | S. Inderjit Singh Sec. 70 /Mohali | 100/- |

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

**ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ**

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਦਸੰਬਰ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| Sr. No. | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 84 | 133 | 217 |
| 2 | Eye | 20 | 33 | 53 |
| 3 | Cardiology | 11 | 72 | 83 |
| 4 | Dental | 17 | 32 | 49 |
| 5 | Gynaecology | 16 | 50 | 66 |
| 6 | Homoeopathy | 29 | 165 | 194 |
| | **Total** | **177** | **485** | **662** |
| | Laboratory | 62 | - | 62 |

## ਅਪੀਲ

ਸਮੂੰਹ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ

(1) ਉਹ ਆਪਣੇ ਹਿਰਦੇ ਦੀ ਤਹਿ ਵਿਚੋਂ ਸੋਸਾਇਟੀ ਵਲੋਂ ਚਲਾਏ ਜਾ ਰਹੇ ਪ੍ਰਾਜੈਕਟਾਂ ਦੀ ਸਫਲਤਾ ਲਈ ਅਸੀਸਾਂ ਬਖਸ਼ਣ।

(2) ਆਪਣੇ ਵਡਮੁਲੇ ਸੁਝਾਉ ਭੇਜਣ ਤਾਂ ਜੋ ਗੁਰਮਤਿ ਪ੍ਰਸਾਰ ਨੂੰ ਵਧੇਰੇ ਸੁਚਾਰੂ ਬਣਾਇਆ ਜਾ ਸਕੇ।

(3) ਆਪਣੇ ਕੀਮਤੀ ਸਮੇਂ ਵਿਚੋ ਕੁਝ ਸਮਾਂ ਗੁਰਮਤਿ ਪ੍ਰਚਾਰ ਲਈ ਕੱਢਣ ਦਾ ਯਤਨ ਕਰਨ।

(2) ਆਪ ਆਪਣੇ ਦਸਵੰਧ ਨੂੰ ਹੇਠ ਲਿਖੇ ਪ੍ਰਾਜੈਕਟਾਂ ਵਿਚ ਮਾਇਕ ਯੋਗ ਦਾਨ ਪਾਕੇ ਸਫਲ ਬਣਾ ਸਕਦੇ ਹੋ:-

(i) ਇਸ ਸਮੇਂ 30 ਵਿਦਿਆਰਥੀ B.A. ਦੀ ਪੜਾਈ ਕਰ ਰਹੇ ਹਨ। ਆਪ ਜੀ ਇਕ ਵਿਦਿਆਰਥੀ ਦੀ B.A ਦੀ ਪੜ੍ਹਾਈ ਲਈ ਯੁਨੀਵਰਸਿਟੀ ਫੀਸ ਆਦਿ ਲਈ Rs. 15,000/- ਪ੍ਰਤੀ ਸਾਲ ਦੀ ਸਪਾਨਸਰਸ਼ਿਪ ਪ੍ਰਾਪਤ ਕਰਕੇ,

(ii) ਇਕ ਵਿਦਿਆਰਥੀ ਦੇ ਖਾਣ/ਪਾਣ/ਕਿਤਾਬਾਂ/ ਟਿਊਸ਼ਨ ਆਦਿ ਦੇ ਖਰਚੇ ਦੀ ਪੂਰਤੀ ਲਈ 3000/- ਰੁਪੈ ਪ੍ਰਤੀ ਮਾਹ ਦੀ ਸਪਾਨਸਰਸ਼ਿਪ ਦੀ ਪੇਸ਼ਕਸ਼ ਕਰਕੇ।

(iii) ਗਰੀਬਾਂ/ਲੋੜਵੰਦਾ ਦੇ ਦਵਾਈ/ਦਾਰੂ ਲਈ ਦਵਾਈਆਂ ਦੇ ਖਰਚੇ ਦੀ ਪੂਰਤੀ ਲਈ ਯੋਗ ਸਹਾਇਤਾ ਭੇਜ ਕੇ,

(iv) ਗੁਰਮਤਿ ਪ੍ਰਚਾਰ ਲਈ ਫਰੀ ਲਿਟਰੇਚਰ ਫੰਡ ਵਿਚ ਯੋਗ ਦਾਨ ਪਾਕੇ।

ਆਪ ਜੀ ਦੀਆਂ ਅਸੀਸਾਂ ਅਤੇ ਸਾਹਾਇਤਾ ਦੀ ਆਸ ਕਰਦੇ ਹੋਏ,

ਆਪ ਦੇ ਸੇਵਕ

| | |
|---|---|
| **ਡੀ. ਪੀ. ਸਿੰਘ** | **ਨਰਿੰਦਰ ਬੀਰ ਸਿੰਘ** |
| **ਮੁਖ ਸੇਵਾਦਾਰ** | **ਜਨਰਲ ਸਕਤ੍ਰ** |

**ਬੇਨਤੀ**

**ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।**